# ਅੰਮ੍ਰਿਤ ਕੀਰਤਨ

ਮਾਰਚ 2010


Raag Gauri



courtesy : Zebrowski, M. Deccani

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਕਿਚਰ ਉਡੀਕ ਕਰੇਸਾਂ

ਆ ਪਿਆਰੇ ਬਸ ਨੈਨਨ ਮੇਂ,
ਹੋਰ ਕਿਚਰ ਉਡੀਕ ਕਰੇਸਾਂ।

ਹਿਜਰ ਤੇਰੀ ਦੀ ਕੁੱਠੀ
ਸੀਨੇ ਕਦ ਤਕ ਤੀਰ ਝਲੇਸਾਂ।

ਅੱਖੀਆਂ ਵਿਚ ਪਾ ਤੈਨੂੰ ਸੋਹਣੇ
ਮੀਟ ਲੈਸਾਂ, ਦੋਇ ਪਲਕਾਂ।

ਹੋਰ ਕਿਤੇ ਸੰਤੋਖ ਨ ਦੇਖਾਂ,
ਨ ਤੋਇ ਦੇਖਣ ਦੇਸਾਂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


## ਇਸ ਅੰਕ ਵਿਚ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com

www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



ਮਿਤ੍ਰ ਅਸਾਡੜੇ ਸੇਈ — 4

ਕਰਉ ਬੇਨੰਤੀਆ
ਸੰਪਾਦਕੀ — 6

ਭਲੋ ਭਲੋ ਰੇ ਕੀਰਤਨੀਆਂ — 7
ਦਵਿੰਦਰ ਸਿੰਘ ਵਿਦਿਆਰਥੀ

ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ — 14
ਕਰਮ ਸਿੰਘ ਰਤਨ

ਰਬਾਬੀ ਕੀਰਤਨੀਏ ਭਾਈ ਚਾਂਦ ਜੀ
ਭਾਈ ਅਵਤਾਰ ਸਿੰਘ ਹੰਸ — 18

**सूर की रचनाओं में सांगीतिक पक्ष : ''सूर सागर'' के सन्दर्भ में**
**राजेश शर्मा** — **20**

ਰਾਗੁ ਗਉੜੀ-ਭੈਰਉ ਅੰਗ
ਪ੍ਰੋ: ਜਬਰ ਜੰਗ ਸਿੰਘ — 23

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 26


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਕੁਝ ਦਿਨ ਪਹਿਲਾਂ ਆਪ ਜੀ ਨਾਲ ਕੀਰਤਨ ਗਾਉਣ ਦੀ Quality ਦੀ ਬੇਨਤੀ ਕੀਤੀ ਸੀ।

ਮੈਨੂੰ ਲਗਦਾ ਹੈ ਕਿ by and large ਸਾਡੇ ਕੀਰਤਨੀਏ ਭਾਈ ਸਾਹਿਬ ਜੀ mechanically ਕੀਰਤਨ ਕਰਦੇ ਆ ਰਹੇ ਹਨ। In the last few decades, ਐਸੇ ਕੀਰਤਨ (ਦਰਬਾਰ)[ ਦਾ ਜੋ ਸੰਗਤਾਂ ਤੇ ਜੋ ਪ੍ਰਭਾਵ ਪੈਣਾ ਸੀ, ਵੈਸਾ ਨਹੀਂ ਸਾਬਤ ਹੋਇਆ and it has almost become a commericial business. Attitude ਨੂੰ ਬਦਲਣ ਦੀ ਸਖਤ ਜ਼ਰੂਰਤ ਹੈ। ਉਹ ਤਾਂ ਹੀ ਹੋ ਸਕਦਾ ਹੈ, ਅਗਰ ਕੁਝ ਜੁੜ ਕੇ ਕੀਰਤਨ ਕਰਨ ਦੀ ਕਿਤੇ training ਹੋਵੇ ਜਿਸ ਵਿਚ ਹਾਵ-ਭਾਵ ਸ਼ਬਵ ਪੜ੍ਹੇ ਜਾ ਰਹੇ ਦੇ ਚੇਹਰੇ (Face) ਤੇ ਕੁਛ ਆਉਣ ਕਿਤੇ ਮੁਸਕਾਨ (ਖੁਸ਼ੀ) ਤੇ ਅਫਸੋਸ (ਵਿਰਾਗ) I mean some things like this ਸ਼ਾਇਦ ਐਸੇ ਕੀਰਤਨ ਕੀਤੇ ਜਾਣ ਤੇ ਜੋ Vibrations ਹੋਣਗੀਆਂ ਉਹਨਾਂ ਦਾ ਅੱਛਾ-ਖਾਸਾ ਧੀਰੇ ਧੀਰੇ ਸੰਗਤਾਂ ਤੇ ਅਸਰ ਹੋਵੇਗਾ। ਅਗਰ ਸੰਗਤਾਂ ਨੂੰ ਜੋੜ ਕੇ ਕੀਰਤਨ ਕੀਤਾ ਜਾਵੇ, ਜਿਵੇਂ ਪਹਿਲਾਂ ਕੁਝ decades ਹੁੰਦਾ ਸੀ, ਤਾਂ ਸੰਗਤਾਂ ਵੀ ਕੀਰਤਨ ਦਾ ਲਾਹਾ ਲੈ ਸਕਣਗੀਆਂ।

ਕੀਰਤਨ ਦਾ wonderful platform ਕਿਸੇ ਧਰਮ ਕੋਲ ਨਹੀਂ ਹੈ। ਤੇ ਇਸ ਨੂੰ ਪੰਥ ਕਦੀ ਵੀ pursposefully ਨਹੀਂ use ਕਰ ਸਕਿਆ ਹੈ। ਜਿਵੇਂ ਢਾਡੀ ਜਥਿਆਂ ਦਾ ਕਦੀ Role ਸੀ। ਅੱਜ ਸਿੱਖ ਦਾ ਗੁਰੂ ਵਿਚ faith ਨਹੀਂ ਹੈ, ਤੇ ਉਸ ਨੂੰ Astologers ਜੈਸੇ ਭਟਕਾਈ ਜਾ ਰਹੇ ਹਨ। Quaity of Kirtan ਤੇ **Website www.amritkirtan.com** ਬਾਰੇ ਪੱਤਰ conduct ਤੇ focus ਦੀ ਸਖਤ ਜ਼ਰੂਰਤ ਹੈ। ਇਹ ਕੀਰਤਨੀਏ ਸਿੱਖ ਪੰਥ ਦੇ ਸਿਰਫ Respresetative ਹੀ ਨਹੀਂ ਹਨ ਸਗੋਂ ਗੁਰੂ ਸਾਹਿਬਾਂ ਦੇ Ambassoders ਹਨ। ਇਹਨਾਂ ਨੂੰ ਐਸੀ ਸਮਝ ਦੀ ਸੋਝੀ ਦੇਣ ਦੀ ਸਖਤ ਜ਼ਰੂਰਤ ਹੈ। ਗੁਰੂ ਸਾਹਿਬ ਆਪ ਖੁਦ ਕੀਰਤਨ ਕਰਕੇ ਕਿਤਨਾ enjoy ਕਰਦੇ ਹੋਣਗੇ, ਕੁਛ ਪ੍ਰਤੀਸ਼ਤ ਸਾਡੇ ਪਲੇ/ਕੀਰਤਨੀਏ ਦੇ ਪੱਲੇ ਪਵੇ।

ਮੈਂ ਖੁਦ ਕੀਰਤਨ ਨਹੀਂ ਸਿੱਖ ਪਾਇਆ ਹਾਂ। ਮੈਨੂੰ ਲਗਦਾ ਹੈ ਕਿ ਜਿਹਨਾਂ ਜਿਹਨਾਂ ਨੂੰ ਕੀਰਤਨ ਕਰਨਾ ਆਇਆ ਹੈ ਇਹ ਕੋਈ ਮਾਮੂਲੀ ਰੱਬੀ ਦਾਤ ਨਹੀਂ ਹੈ। ਮੈਥੋਂ ਇਹ ਸਾਰੇ ਕਮ ਸੇ ਕਮ ਇਕ ਜਨਮ ਅੱਗੇ ਹਨ। ਪਰ ਏਨਾ ਨੂੰ ਉਸ ਦਾਤਿ ਦੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਗੁਰੂ ਬਖਸ਼ਸ਼ਾਂ ਨਾਲ ਜੀਵਨ ਭਰ ਦੇਵੇਗਾ।

ਇੰਜ. ਗੁਰਦਿਆਲ ਸਿੰਘ (ਰਿਟ.),
538, ਸੈਕਟਰ 16 ਏ, ਫਰੀਦਾਬਾਦ

ਫਰਵਰੀ ਅੰਕ ਵਿਚ ਛਪੇ ਸ੍ਰ: ਹਰਜਾਪ ਸਿੰਘ ਔਜਲਾ ਦੇ ਲੇਖ ਨੇ ਕਾਫੀ ਕੁਝ ਉਜਾਗਰ ਕੀਤਾ ਹੈ। ਕਈ ਤੱਥਾਂ ਬਾਰੇ ਮੈਨੂੰ ਬਿਲਕੁਲ ਜਾਣਕਾਰੀ ਨਹੀਂ ਸੀ ਉਹ ਇਸ ਲੇਖ ਵਿਚ ਹਾਜ਼ਰ ਹਨ। ਇਹਨਾਂ ਨੇ ਸੰਗੀਤ (ਗੁਰਮਤਿ ਸੰਗੀਤ) ਦੀ ਗੱਲ ਕਰਦਿਆਂ ਹੋਇਆ ਜਿਹਨਾਂ ਇਤਿਹਾਸਕ ਘਟਨਾਵਾਂ ਵੱਲ ਇਸ਼ਾਰੇ ਕੀਤੇ ਹਨ ਉਸ ਕਾਰਣ ਲੇਖ ਵੱਧ ਅਸਰਦਾਰ ਹੋ ਨਿਬੜਿਆ ਹੈ। 'ਅੰਮ੍ਰਿਤ ਕੀਰਤਨ' ਸਦਕਾ ਕਈ ਵਿਦਵਤਾ ਭਰਪੂਰ ਲੇਖ ਪੜ੍ਹਨ ਨੂੰ ਮਿਲ ਜਾਂਦੇ ਹਨ। ਇਹ ਸੁਕਾਰਜ ਤੁਹਾਡੇ ਵੱਲੋਂ ਹੁੰਦਾ ਰਹੇ।

ਵੈਸੇ ਤਾਂ ਸਾਹਿਤਕ ਪੱਤਰਕਾਵਾਂ ਦਾ ਫ਼ਰਜ਼ ਬਣਦਾ

ਹੈ ਕਿ ਉਹ ਧਰਮ, ਇਤਿਹਾਸ, ਸੰਗੀਤ ਬਾਰੇ ਕੁਝ ਲਿਖਣ-ਛਾਪਣ, ਪਰ ਉਹਨਾਂ ਤਾਂ ਇਸ ਵੱਲ ਪਿੱਠ ਕੀਤੀ ਹੋਈ ਹੈ।

'ਅੰਮ੍ਰਿਤ ਕੀਰਤਨ' ਦੇ ਸਰਵਰਕ ਉੱਪਰ ਛਪੇ 'ਰਾਗ ਬਸੰਤ' ਚਿੱਤਰ ਨੇ ਲਗਦਾ ਹੈ ਇਕ ਪਿਰਤ ਤੋਰੀ ਹੈ। ਚਿੱਤਰ ਦੀ ਹਰ ਸ਼ੈਅ (ਮਨੁੱਖ, ਸਾਜ, ਕੁਦਰਤ, ਪਰਿੰਦੇ) ਵਿਚਲੀ ਗਤੀ ਅਤੇ ਲੈਅ ਮਨ ਖਿੜਵੀਂ ਹੈ। ਸੱਚੀਂ ਲਗਦਾ ਹੈ ਬਸੰਤ ਰੁੱਤ ਆ ਗਈ ਹੈ।

ਤੁਸੀਂ ਆਪਣੇ ਲੇਖਾਂ ਵਿਚ ਉਹਨਾਂ ਕੀਰਤਨੀਆਂ ਦਾ ਜ਼ਿਕਰ ਕਰਦੇ ਰਹਿੰਦੇ ਹੋ ਜਿਹੜੇ ਸਾਰੀ ਉਮਰ ਗੁਰੂ ਦੀ ਬਾਣੀ ਗਾਉਂਦੇ ਰਹੇ ਪਰ ਉਹਨਾਂ ਦਾ ਆਖਰੀ ਸਮਾਂ ਮੰਦਹਾਲੀ ਵਿਚ ਗੁਜ਼ਰਿਆ ਜਾਂ ਕਿਸੇ ਕਿਸੇ ਦਾ ਹੁਣ ਗੁਜ਼ਰ ਰਿਹਾ ਹੈ। ਇਸ ਵਾਰ ਮੰਗਤ ਸਿੰਘ 'ਮਸਤਾਨਾ' ਦਾ ਪੱਤਰ ਛਪਿਆ ਹੈ। ਗੁਰੂ ਦੀ ਬਾਣੀ ਦਾ ਗਾਇਨ ਕਰਨ ਵਾਲੇ ਦੀ ਸਾਨੂੰ ਸੇਵਾ ਕਰਨੀ ਚਾਹੀਦੀ ਹੈ।

ਤੁਹਾਡੀ ਸੰਪਾਦਕੀ ਹਿਲਾਉਣ ਵਾਲੀ ਹੈ। ਉਸ ਤੋਂ ਵੀ ਵੱਧ ਸਾਡਾ ਅੰਧਵਿਸ਼ਵਾਸ ਅਤੇ ਟੀ. ਵੀ. ਉੱਪਰ ਦਿਸਣ ਦਾ ਲੋਭ...ਅਸੀਂ ਕਿੱਧਰ ਜਾ ਰਹੇ ਹਾਂ? ਗੁਰਬਾਣੀ ਸਾਨੂੰ ਏਦਾਂ ਕਰਨ ਲਈ ਪ੍ਰੇਰਦੀ ਹੈ?

ਜਗਤਾਰਜੀਤ ਸਿੰਘ,
118-ਏ, ਪ੍ਰਤਾਪ ਨਗਰ, ਜੇਲ੍ਹ ਰੋਡ, ਨਵੀਂ ਦਿੱਲੀ,
ਮੋਬਾਇਲ : 0989909986

Saw your website. Excellent Hardwork & Progress. May God shower his grace & may you move ahead.

Sumeet Kaur, Puna

I am highly thankful for you sending Amrit Kirtan to me regularly. I love to read the same and then I pass to others.

Manmohan Singh Kohli, Flat No. 9, Ist Floor, 636, Anand Mansion, 8th Road, Khar (W) Mumbai-52

ਮੈਂ ਅੰਮ੍ਰਿਤ ਕੀਰਤਨ ਦਾ ਧੰਨਵਾਦੀ ਹਾਂ ਜਿਸ ਨੇ ਮੇਰੇ ਵਿਚਾਰ ਪਾਠਕਾਂ ਤਕ ਪਹੁੰਚਾਏ। ਮੈਂ ਸੇਵਕ ਚੇਰੀਟੇਬਲ ਟਰੱਸਟ, ਚੰਡੀਗੜ੍ਹ ਅਤੇ ਸਰਦਾਰ ਜਗਤਾਰਜੀਤ ਸਿੰਘ, ਦਿੱਲੀ ਦਾ ਧੰਨਵਾਦੀ ਹਾਂ ਜਿਹਨਾਂ ਨੇ ਪੰਜ-ਪੰਜ ਸੌ ਰੁਪਏ ਦੀ ਮਾਇਕ ਸਹਾਇਤਾ ਮੈਨੂੰ ਦਿੱਤੀ। ਗੁਰਦੁਆਰਾ ਭਾਈ ਜਗਤਾ ਜੀ ਦੇ ਸਟਾਫ ਅਤੇ ਮੈਨੇਜਰ ਸ: ਪ੍ਰੀਤਮ ਸਿੰਘ, ਸੰਤ ਧਰਮ ਸਿੰਘ ਅਤੇ ਸੰਤ ਤਾਰਾ ਸਿੰਘ ਖੁਸ਼ਦਿਲ ਅਤੇ ਮੰਨੀਵਾਲਾ ਅਤੇ ਹੋਰ ਸਿੱਖ ਸੰਗਤਾਂ ਦਾ ਧੰਨਵਾਦੀ ਹਾਂ ਜਿਹੜੇ ਮੇਰੇ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ।

ਮੰਗਤ ਸਿੰਘ ਮਸਤਾਨਾ, ਕੇਅਰ ਆਫ ਸੰਗਮ ਰੇਡੀਓ
ਅਤੇ ਟੀ. ਵੀ. ਕਾਲਿਜ (ਰਜਿ.), ਜੀ. ਟੀ. ਰੋਡ,
ਮਲੋਟ-152 107
ਮੋਬਾਇਲ : 92178-20647, 94637-82514

Our Congratulations for www.amritkirtan.com. It is a long way to do- you have started the journey & our surely going to reach the destination.

Babli S. Singh & Family
35/1-B, Model Gram, Ludhiana

Thanks for sending excellent Monthly Journal, Amrit Kirtan for the last number of years. It contains very good articles, thoughtful spiritual writings and good selection of shabads with proper rags and symbols.

Pritam Singh Cheema, Sukhdev Singh Cheema
17 Lunenburg St.St. John's NL
Canada A1A 5A5

# ਕੁਝ ਪ੍ਰਸ਼ਨ

ਕੀਰਤਨ ਸਬੰਧੀ ਗੱਲਾਂ ਬਾਤਾਂ ਸੁਣਦਿਆਂ ਕਈ ਵਾਰ ਹੇਠ ਲਿਖੀਆਂ ਟਿੱਪਣੀਆਂ ਸੁਣਨ ਨੂੰ ਮਿਲਦੀਆਂ ਹਨ---

-ਰਾਗੀ ਫਲਾਣਾ ਸਿੰਘ ਜਦੋਂ ਕੀਰਤਨ ਕਰਦਾ ਹੈ ਤਾਂ ਕਿਉਂ ਇੰਜ ਲਗਦਾ ਹੈ ਜਿਵੇਂ ਕੋਈ ਗਜ਼ਲ ਗਾ ਰਿਹਾ ਹੋਵੇ?

-ੳ ਸਿੰਘ ਤਾਂ ਹਰਮੋਨੀਅਮ ਇੰਜ ਵਜਾਉਂਦਾ ਹੈ ਕਿਉਂ ਜਾਪਦਾ ਹੈ ਜਿਵੇਂ ਗੁਲਾਮ ਅਲੀ ਨਾਲ ਸੰਗਤ ਕਰ ਰਿਹਾ ਹੋਵੇ?

-ਅ ਸਿੰਘ ਕੀਰਤਨ ਕਰਦਾ ਕਿਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਕੋਈ ਛੋਟਾ ਖਿਆਲ ਗਾ ਰਿਹਾ ਹੋਵੇ?

-ਸ ਸਿੰਘ ਜਦੋਂ ਕੋਈ ਗਜ਼ਲ ਗਾਉਂਦਾ ਹੈ ਤਾਂ ਕਿਉਂ ਜਾਪਦਾ ਹੈ ਜਿਵੇਂ ਕੀਰਤਨ ਕਰ ਰਿਹਾ ਹੋਵੇ?

-ਕ ਸਿੰਘ ਕੀਰਤਨ ਕਰਦਿਆਂ ਕਿਉਂ ਫਿਲਮੀ ਟਿਊਨਾਂ ਗਾਉਂਦਾ ਜਾਪਦਾ ਹੈ?

-ਖ ਸਿੰਘ ਕੀਰਤਨ ਕਰਦਾ ਕਿਉਂ ਲੋਕ ਗੀਤ ਗਾ ਰਿਹਾ ਜਾਪਦਾ ਹੈ?

-ਉਹ ਕਿਹੜੇ ਤੱਤ ਹਨ ਜਿਹਨਾਂ ਕਰਕੇ ਕੋਈ ਸ਼ਬਦ ਗਾਇਨ ਕੀਰਤਨ ਬਣ ਜਾਂਦਾ ਹੈ?

- ਕੀ ਕਿਸੇ ਸ਼ਬਦ ਨੂੰ ਸੁਰ ਤਾਲ ਵਿੱਚ ਗਾ ਦੇਣਾ ਹੀ ਕੀਰਤਨ ਹੈ?

- ਕੀ ਕਾਰਨ ਹੈ ਕਿ ਕਿਸੇ ਕਿਸੇ ਕੀਰਤਨੀਏ ਨੂੰ ਸੁਣਨ ਵਾਸਤੇ ਬਹੁਤ ਸੰਗਤ ਇੱਕਠੀ ਹੋ ਜਾਂਦੀ ਹੈ ਪਰ ਕਿਸੇ ਟਕਸਾਲੀ ਕੀਰਤਨੀਏ ਨੂੰ ਸੁਣਨ ਲਈ ਬਹੁਤ ਥੋਹੜੇ ਸਰੋਤੇ ਹੁੰਦੇ ਹਨ?

-ਭਾਈ ਸਮੁੰਦ ਸਿੰਘ , ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਆਦਿ ਕੀਰਤਨੀਆਂ ਵਿੱਚ ਕਿਹੜੇ ਤੱਤ ਸਨ ਜਿਹੜੇ ਉਹਨਾਂ ਨੂੰ ਟਕਸਾਲੀ ਕੀਰਤਨੀਆ ਬਣਾਉਦੇ ਸਨ?

-ਇਹ ਕੁਝ ਪ੍ਰਸ਼ਨ ਹਨ ਜਿਹੜੇ ਮਨ ਵਿੱਚ ਉਠਦੇ ਰਹਿੰਦੇ ਅੰਮ੍ਰਿਤ ਕੀਰਤਨ ਨਾਲ ਜੁੜੇ ਪਾਠਕਾਂ, ਕੀਰਤਨੀਆਂ, ਵਿਦਵਾਨਾਂ ਨੂੰ ਬੇਨਤੀ ਹੈ ਉਹ ਕੁਝ ਨਾ ਕੁਝ ਇਹਨਾਂ ਬਾਰੇ ਜ਼ਰੂਰ ਲਿਖਣ-

ਉਡੀਕਵਾਨ

# ਭਲੋ ਭਲੋ ਰੇ ਕੀਰਤਨੀਆਂ

**ਦਵਿੰਦਰ ਸਿੰਘ ਵਿਦਿਆਰਥੀ**

ਈਸ਼ਵਰ ਨੂੰ ਸਾਰੇ ਸੰਸਾਰ ਦਾ ਸਾਂਝਾ ਪਿਤਾ ਕਿਹਾ ਜਾਂਦਾ ਹੈ, ਪਰ ਸਾਰੇ ਸੰਸਾਰ ਵਿਚ ਕੁਝ ਲੋਕ ਇਸ ਸਾਂਝੇ ਪਿਤਾ ਦੀਆਂ ਸੰਤਾਨਾਂ ਦੇ ਖਿਡਾਵੇ, ਬਣ ਕੇ ਪਿਤਾ ਨਾਲ ਮਿਲਣ ਦੇ ਅਦਬ-ਅਦਾਬ ਦੀ ਜਾਣਕਾਰੀ ਦੱਸਣ ਅਤੇ ਮਿਲਾਪ ਕਰਾਉਣ ਦੇ ਬਹਾਨੇ ਆਪਣੀ ਚੰਗੀ ਕੁੱਲੀ ਗੁੱਲੀ ਜੁੱਲੀ ਦੀ ਫਿਕਰ ਵਿਚ ਗਲਤਾਨ ਰਹਿੰਦੇ ਹਨ। ਇਹਨਾਂ ਦੇ ਭਾਈਚਾਰੇ ਨੂੰ ਪੁਜਾਰੀਆਂ ਪੁਰੋਹਿਤਾਂ ਦਾ ਭਾਈਚਾਰਾ ਕਿਹਾ ਜਾਂਦਾ ਹੈ। ਵੇਦ-ਕਾਲ ਤੋਂ ਹੀ ਇਸ ਭਾਈਚਾਰੇ ਨਾਲ ਸਮੂਹ ਭਾਈਚਾਰੇ ਨੂੰ ਸ਼ਿਕਵੇ ਰਹੇ ਹਨ। ਬਦਕਿਸਮਤੀ ਨਾਲ ਇਸ ਭਾਈਚਾਰੇ ਨੇ ਆਪਣੀ ਕਲਾਤਮਕ ਸੁਘੜਤਾ ਸਹਾਰੇ ਕੀਰਤਨ ਦੇ ਖੇਤਰ ਵਿਚ ਵੀ ਪੈਰ ਪਸਾਰ ਲਏ ਸਨ। ਗੁਰੂ-ਮਤ ਨੇ ਪੰਡਾ-ਪੁਰਹਿਤ-ਵਾਦ ਤੋਂ ਸਮਾਜ ਦਾ ਪਿੰਡ ਛੁਡਵਾਉਣ ਦਾ ਬਾਨ੍ਹਣੂ ਬੰਨ੍ਹਿਆ ਸੀ।

ਵੇਦ-ਕਾਲ ਤੋਂ ਹੀ ਛੱਤ੍ਰੀਆ ਵਿਚ ਕੁਝ ਅਜਿਹੇ ਪਰਿਵਾਰ ਉੱਭਰੇ ਜਿਹਨਾਂ ਯੱਗ-ਹੋਮ ਅਤੇ ਯੱਗ-ਯਾਗ ਨਾਲ ਸੰਬੰਧਤ ਕਿਰਿਆਵਾਂ ਨੂੰ ਸਿੱਖ ਕੇ ਆਪ ਆਪਣੇ ਯੱਗ-ਹੋਮ ਕਰਨੇ ਆਰੰਭ ਕਰ ਦਿੱਤੇ ਸਨ। ਜਨਮੇਜੇ ਦੇ ਨਾਗ-ਦਮਨ ਯੱਗ ਦਾ ਪੁਰੋਹਿਤ ਜਨਮੇਜਾ ਆਪ ਹੀ ਸੀ। ਕੋਈ ਬ੍ਰਾਹਮਣ ਉਸ ਦਾ ਯੱਗ ਕਰਵਾਉਣ ਲਈ ਰਾਜ਼ੀ ਹੁੰਦਾ, ਇਸ ਦੀ ਸੰਭਾਵਨਾ ਸੋਚੀ ਵੀ ਨਹੀਂ ਜਾ ਸਕਦੀ। ਮੁੜ-ਜਾਗਰਣ ਕਾਲ ਵਿਚ ਕਰਤਾਰ ਅਤੇ ਸਾਧਾਰਣ ਮਨੁੱਖ ਵਿਚਕਾਰ ਸਿੱਧੇ ਸੰਬੰਧਾਂ ਦੀ ਰੀਤ ਟੁੱਟ ਗਈ। ਵਰਣ-ਵਾਦ ਦੇ ਉਭਾਰ ਨੇ ਮੁੜ ਵਿਚੋਲਿਆਂ ਦੀ ਪੈਜ ਬਣਾ ਦਿੱਤੀ। ਸੁਲਤਾਨੀ ਯੁੱਗ ਵਿਚ ਜਿਹੜੇ ਭਾਟ-ਚਾਰਣ ਕਿਸੇ ਕਾਰਨ ਮੁਸਲਮਾਨ ਬਣ ਜਾਣ ਉੱਤੇ ਮਜਬੂਰ ਹੋ ਗਏ ਹਿੰਦੂ ਭਾਈਚਾਰੇ ਉਹਨਾਂ ਦਾ ਸਮਾਜ ਵਿਚੋਂ ਦਰਜਾ ਹੋਰ ਘਟਾ ਦਿੱਤਾ।

ਅੱਧਾ ਤਿੱਤਰ ਅੱਧਾ ਬਟੇਰ ਬਣ ਕੇ ਰਹਿ ਜਾਣ ਵਾਲੇ ਇਹਨਾਂ ਲੋਕਾਂ ਨੇ ਭਗਤੀ-ਕਾਲ ਦੇ ਦਿਨਾਂ ਵਿਚ ਆਪਣਾ ਮੁੜ ਵਸੇਬਾ ਭਾਲਣ ਲਈ ਕੀਰਤਨ ਆਦਿ ਕਾਰਜਾਂ ਨੂੰ ਅਪਣਾ ਕੇ ਆਪਣਾ ਨਿਰਬਾਹ ਕਰਨਾ ਆਰੰਭ ਦਿੱਤਾ। ਸਮਾਜ ਇਹਨਾਂ ਨੂੰ ਡੂਮ-ਚੰਡਾਲਾਂ ਨਾਲ ਮੇਚਦਾ ਸੀ। ਇਹਨਾਂ ਨੇ ਰਾਗ ਦਾ ਪੱਲਾ ਫੜਿਆ ਅਤੇ ਭਜਨ ਗਾ ਕੇ ਆਪਣਾ ਨਿੱਤ ਜੀਵਨ ਬਿਤਾਣ ਲੱਗੇ। ਗੁਰਬਾਣੀ-ਕੀਰਤਨ ਉਹਨਾਂ ਲਈ ਨਵਾਂ ਖੇਤਰ ਸੀ, ਕਿਉਂਕਿ ਮੰਦਰਾਂ ਵਿਚ ਉਹਨਾਂ ਨੂੰ ਕੋਈ ਢੋਈ ਨਹੀਂ ਸੀ ਦਿੰਦਾ। ਗੁਰੂ ਨਾਨਕ ਮਰਦਾਨੇ ਰਬਾਬੀ ਨੂੰ ਆਪਣੇ ਨਾਲ ਰੱਖਣ ਲੱਗਾ ਤਾਂ ਰਬਾਬੀਆਂ ਢਾਡੀਆਂ ਦਾ ਵੀ ਮੁੱਲ ਪਿਆ। ਪਰ, ਜਦੋਂ ਕਿਸੇ ਚੀਜ਼ ਦਾ ਮੁੱਲ ਪੈਣ ਲੱਗ ਪਵੇ ਉਸ ਵਿਚ ਵੱਧ ਖੱਟੀ ਦੀ ਭਾਵਨਾ ਆਉਣ ਲਗਦੀ ਹੈ। ਸੱਤੇ-ਬਲਵੰਡ ਜਿਹੇ ਇਸੇ ਪ੍ਰਭਾਵ ਦਾ ਫਲ ਸਨ।

ਸਮਾਜਿਕ ਪੱਧਰ ਉੱਤੇ ਰਬਾਬੀਆਂ ਦਾ ਕੀਰਤਨ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਣਾ ਇਕ ਇਨਕਲਾਬੀ ਕਦਮ ਕਿਹਾ ਜਾ ਸਕਦਾ ਹੈ। ਇਹ ਲੋਕ ਇਸਲਾਮ ਧਾਰਨ ਕਰਨ ਪਿੱਛੋਂ ਇਕ ਕੜਿੱਕੀ ਵਿਚ ਫਸੇ ਹੋਏ ਸਨ। ਇਸਲਾਮ ਵਿਚ ਇਹਨਾਂ ਦੇ ਰਾਗ-ਗਿਆਨ ਦੀ ਕੋਈ ਵਰਤੋਂ ਨਹੀਂ ਹੋ ਸਕਦੀ ਸੀ ਕਿਉਂਕਿ ਰਾਗ ਇਸਲਾਮ ਵਿਚ ਹਰਾਮ ਸੀ। ਸਿਵਾਏ ਗਿਣਤੀ ਦੇ ਸੂਫੀ ਫਕੀਰਾਂ ਦੇ ਸਮਾਜ ਅਤੇ ਕੱਵਾਲੀ ਦੀ ਮਹਿਫਲ ਜਿਸ ਖੇਤਰ ਵਿਚ ਮੁਲ ਪਾ ਸਕਦੀ ਸੀ, ਉਹ ਸਾਧਾਰਣ ਰਬਾਬ ਲਈ ਸ਼ਾਇਦ, ਵਰਜਿਤ ਬਹਿਸ਼ਤ ਸੀ, ਹਿੰਦੂ ਸਵਾਏ ਖਾਸ ਮੌਕਿਆਂ ਦੇ ਇਹਨਾਂ ਨੂੰ ਨੇੜੇ ਲਾਉਣ ਨੂੰ ਤਿਆਰ ਨਹੀਂ ਸਨ ਅਜਿਹੇ ਮੌਕੇ ਬਹੁਤੇ ਨਹੀਂ ਸਨ ਹੋ ਸਕਦੇ ਅਤੇ ਤਦ ਵੀ ਇਹਨਾਂ ਨਾਲ ਅਛੂਤਾਂ ਵਾਲਾ ਸਲੂਕ ਹੁੰਦਾ ਸੀ।

ਗੁਰੂ ਦਰਬਾਰ, ਸਿੱਖ ਸੰਸਥਾਨਾਂ ਅਤੇ ਟਿਕਾਣਿਆਂ ਵਿਚ ਵੀ ਰੁਜ਼ਗਾਰ ਦੇ ਮੌਕੇ ਗੇਣਵੇਂ ਸਨ। ਰਬਾਬੀਆਂ ਦਾ ਇਸ ਸੰਕੋਚਵੀਂ ਗਿਣਤੀ ਵਿਚ ਭੀ ਸੰਗੀਤ ਵਿਚ ਰਲ ਕੇ ਬੈਠਣ ਦਾ ਅਧਿਕਾਰ, ਇਕ ਪ੍ਰਾਪਤੀ ਤੋਂ ਘੱਟ ਨਹੀਂ ਸੀ ਸਮਝਿਆ ਜਾ ਸਕਦਾ। ਗੁਰੂ ਦਰਬਾਰ ਤੋਂ ਲੰਗਰ-ਪਾਣੀ ਅਤੇ ਲੋੜ ਜੋਗਾ ਲੀੜਾ ਕੱਪੜਾ ਚੰਗਾ ਅਤੇ ਖੁੱਲ੍ਹਾ ਮਿਲ ਜਾਂਦਾ ਸੀ, ਪਰ ਮਾਇਆ ਦੇਣ ਦੀ ਰੀਤ ਨਹੀਂ ਸੀ। ਗੁਰੂ ਜੀ ਲੋੜ ਸਮੇਂ ਆਰਥਿਕ ਸਹਾਇਤਾ ਕਰਦੇ ਰਹਿੰਦੇ ਸਨ ਪਰ ਬੱਝਵਾਂ ਅਸਾਸਾ ਦੇਣਾ ਸਿੱਖ ਚਿੰਤਨ ਦੇ ਅਨੁਕੂਲ ਨਹੀਂ ਸੀ। ਸਿੱਖ-ਚਿੰਤਨ ਨੂੰ ਗੁਰੂ ਸਾਹਿਬ ਜਿਸ ਢਾਂਚੇ ਵਿਚ ਢਾਲ ਰਹੇ ਸਨ, ਉਸ ਵਿਚ ਧਰਮ-ਕਾਰਜ ਦੀ ਕਿਸੇ ਸੇਵਾ ਦਾ ਮੁਆਵਜ਼ਾ ਦੇਣ ਲੈਣ ਦੀ ਆਗਿਆ ਨਹੀਂ ਸੀ ਮਤਾਂ ਇਹ ਪੰਡਾ-ਵਾਦ ਦਾ ਬੀਜ ਬਣ ਉੱਗੇ।

ਬਲਵੰਡ ਕਿਆਂ ਦੇ ਬਿਉਹਾਰ ਨੇ ਇਸ ਸਮੱਸਿਆ ਦੇ

ਕਈ ਪੱਖ ਉਜਾਗਰ ਕਰਵਾਏ ਅਤੇ ਉਹਨਾਂ ਦੇ ਸਮਾਧਾਨ ਵੱਲ ਪ੍ਰੇਰਿਆ। ਕੀਰਤਨੀਆਂ ਨੂੰ ਸਖਤ ਹਦਾਇਤਾਂ ਸਨ ਕਿ ਉਹ ਕਿਸੇ ਸਿੱਖ ਪਾਸੋਂ ਕੀਰਤਨ ਦੀ ਸੇਵਾ ਦੇ ਬਦਲੇ ਕੁਝ ਮੰਗ ਕੇ ਨਾ ਲੈਣ। ਅਤੇ ਕਿਸੇ ਸਿੱਖ ਨੂੰ ਇਹ ਮਨਾਹੀ ਨਹੀਂ ਸੀ ਕਿ ਉਹ ਰਬਾਬੀ ਨੂੰ ਕੀਰਤਨ ਦੀ ਪ੍ਰਸੰਸਾ ਵਜੋਂ ਕੁਝ ਨਾ ਦੇਵੇ। ਇਹ ਵੀ ਨਾਲ ਹੀ ਜ਼ਰੂਰੀ ਨਹੀਂ ਸੀ ਕਿ ਕੀਰਤਨੀਏ ਨੂੰ ਹਰ ਸਿੱਖ (ਪੁਰਖ ਅਤੇ ਇਸਤਰੀ) ਕੁਝ ਨ ਕੁਝ ਨਕਦੀ ਦੇ ਕੇ ਹੀ ਜਾਵੇਗਾ, ਭਾਵੇਂ ਆਮ ਰੀਤ ਇਹੋ ਸੀ ਕਿ ਹਰ ਸਿੱਖ ਕੁਝ ਨਾ ਕੁਝ ਨਕਦ ਭੇਟ ਕਰਕੇ ਜਾਣਾ ਆਪਣਾ ਫ਼ਰਜ਼ ਸਮਝਦਾ ਸੀ।

ਜੋ ਸਮੱਸਿਆ ਅਤੇ ਘਟਨਾਵਾਂ ਬਲਵੰਡ ਅਤੇ ਸੱਤੇ ਦੇ ਰਾਹ ਵਿਚ ਪੇਸ਼ ਆਈਆਂ, ਇਹ ਕੁਝ ਵਿਸ਼ੇਸ਼ ਨਹੀਂ, ਸਹਿਜ ਸੁਭਾਵੀ ਨਿੱਤ ਵਿਉਹਾਰ ਵਿਚ ਪੇਸ਼ ਆਉਂਦੀਆਂ ਘਟਨਾਵਾਂ ਹੀ ਸਨ। ਪਰ, ਇਹ ਅਜਿਹੀਆਂ ਘਟਨਾਵਾਂ ਸਨ ਜਿਹਨਾਂ ਨੇ ਕੀਰਤਨੀਆਂ ਦੇ ਸਹਿਜ ਬਿਉਹਾਰ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਸੰਜਮ (Dicipline) ਸਿਖਾਇਆ। ਇਹ ਸੰਜਮ ਨੇ ਕੀਰਤਨੀਆਂ ਦੀ ਮਾਨਸਿਕਤਾ, ਉਹਨਾਂ ਦੇ ਸਮਾਜਿਕ ਰੁਤਬੇ ਅਤੇ ਨਿਰਬਾਹ ਦੇ ਆਰਥਿਕ ਪੱਖ ਦੀਆਂ ਗੁੰਝਲਾਂ ਉਭਾਰ ਕੇ ਇਕ ਬਿਉਹਾਰ ਸੰਹਿਤਾ (Code of Conduct) ਦੀ ਉਸਾਰੀ ਦਾ ਅਵਸਰ ਜੁਟਾਇਆ। ਇਹ ਸੰਹਿਤਾ ਉਹ ਸੀ ਜਿਸ ਦੇ ਬੁਨਿਆਦੀ ਸੰਕਲਪਾਂ ਬਾਰੇ ਅਸੀਂ ਉੱਪਰ ਜ਼ਿਕਰ ਕੀਤਾ ਸੀ। ਉਹਨਾਂ ਸਥਿਤੀਆਂ ਵਿਚ ਇਹੋ ਵਾਜਿਬ ਸੀ।

ਭਗਤ ਰਤਨਾਵਲੀ ਵਿਚ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੀ ਅਠਾਰ੍ਹਵੀ ਪਉੜੀ ਦੀ ਵਿਆਖਿਆ ਵਿਚ ਲਿਖਿਆ ਹੈ:

ਝਾਜੂ ਮੁਕੰਦੁ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ: 'ਗਰੀਬ ਨਿਵਾਜ! ਸਾਡਾ ਉੱਧਾਰ ਕਯੋਂ ਕਰ ਹੋਵੇਗਾ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨ ਹੈ। ਤੁਸੀਂ ਕੀਰਤਨ ਕੀਤਾ ਕਰੋ। - ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕੀਤਾ ਕਰਣ ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਜੁਗਤ ਸੇਵਾ ਕਰੇ ਉਸੇ ਥੀਂ ਗੁਜ਼ਾਰਾ ਕਰਣ...

ਇਸ ਟੂਕ ਤੋਂ ਸਮੇਂ ਦੀ ਸੋਚਣੀ ਦਾ ਪ੍ਰਤੱਖ ਦਰਸ਼ਨ ਹੋ ਜਾਂਦਾ ਹੈ।

ਧਰਮ-ਚੇਤਨਾ ਦੇ ਖੇਤਰ ਵਿਚ, ਜਨ-ਸਾਧਾਰਣ ਦੀ ਮੋਟੀ ਠੁੱਲ੍ਹੀ ਅਨੁਸਾਰ ਉਹ ਯੁੱਗ: ਯੱਗ, ਯੋਗ ਜਾਂ ਯਾਚਨਾਂ ਦਾ ਯੁੱਗ ਸੀ। ਕੁਝ ਚਤੁਰ ਸੂਝਵਾਨਾਂ ਦੀ ਸਿਆਣਪ ਸਦਕਾ ਗੁਰਬਾਣੀ ਦੇ ਵਾਕ 'ਜਿਤੁ ਦੁਆਰੈ ਉਰੈ ਤਿਤੈ ਲੇਹ ਉਬਾਰਿ' ਦਾ ਅਰਥ ਮਿਲ-ਗੋਭਾ ਆਚਰਣ ਹੀ ਮੁਕਤੀ ਦਾ ਸਾਧਨ ਪ੍ਰਚਾਰਿਆ ਜਾ ਰਿਹਾ ਹੈ। ਗੁਰੂ ਨਾਨਕ ਜੀ ਦਾ ਮੰਤਵ ਜੀਵਨ-ਪੰਡ ਦਾ ਭਾਰ ਹੌਲਾ ਕਰਨਾ ਸੀ ਪਰ ਉਹਨਾਂ ਦਾ ਭਾਵ ਉਲਝਾ ਕੇ ਉਸਨੂੰ ਸਗਵਾਂ ਭਾਰੀ ਹੀ ਨਹੀਂ ਅਸਹਿ ਕੀਤਾ ਜਾ ਰਿਹਾ ਹੈ। ਝਾਝੂ ਮੁਕੰਦੇ ਦੇ ਪ੍ਰਸ਼ਨ ਅਤੇ ਸਤਿਗੁਰੂ ਦਾ ਉਤਰ ਇਸੇ ਪਿਛੋਕੜ ਨਾਲ ਜੁੜੇ ਸਨ:

ਵੱਡੇ ਪੈਮਾਨੇ ਦੇ ਯੱਗ ਜੈਨੀ-ਬੋਧੀ ਪ੍ਰਭਾਵਾਂ ਅਧੀਨ ਬਹੁਤ ਕੁਝ ਪਿੱਛੇ ਪੈ ਗਏ ਸਨ। ਉਪਨਿਸ਼ਦ ਦਾ ਕਥਨ ਹੈ:

ਇਹ ਯੱਗ ਅਸਲ ਵਿਚ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਵਾਂਗ ਬਲਹੀਣੇ ਸਾਧਨ ਹਨ, ਜਿਹਨਾਂ ਦੇ ਸਹਾਰੇ ਕਲਿਆਣ ਦੀ ਆਸ ਕਦੇ ਯਕੀਨੀ ਨਹੀਂ ਹੋ ਸਕਦੀ।

ਇਹਨਾਂ (ਯੱਗਾਂ) ਉੱਤੇ ਭਰੋਸਾ ਰੱਖਣ ਵਾਲੇ ਮੂਰਖਾਂ ਨੂੰ ਕਰਮ-ਫਲ ਨਿਖੁੱਟਿਆਂ ਹੀ ਮੁੜ ਬੁਢਾਪੇ ਅਤੇ ਮੌਤ ਦਾ ਸ਼ਿਕਾਰ ਹੋਣਾ ਪੈਂਦਾ ਹੈ।1

ਯੱਗ-ਵਾਦੀ ਧਰਮ-ਕਰਮ ਵਿਸ਼ੇਸ਼ ਸੁਆਰਥਾਂ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਨ। ਇਹਨਾਂ ਦਾ ਜਿੰਨਾ ਫਾਇਦਾ ਯਾਗਿਆਕ ਨੂੰ ਪਹੁੰਚਦਾ ਸੀ, ਯਜਮਾਨ ਨੂੰ ਸ਼ਾਇਦ ਉਸ ਦਾ ਅੰਸ਼-ਮਾਤਰ ਵੀ ਨਹੀਂ ਪਹੁੰਚਦਾ ਸੀ। ਉਂਝ ਮੋਮੋ-ਠਗਣੀਆਂ ਅਤੇ ਸੁਹਾਵੇ ਭਰਵਾਸਿਆਂ ਦੀ ਗੱਲ ਹੋਰ ਹੈ।

ਗੁਰਮਤ ਦਾ ਸੰਦੇਸ਼ ਇਸ ਤੋਂ ਬਿਲਕੁਲ ਵੱਖਰੇ ਮਾਰਗ ਵੱਲ ਸੰਕੇਤ ਕਰਦਾ ਹੈ। ਗੁਰਮਤਿ ਦੇ ਆਦੇਸ਼ ਅਨੁਸਾਰ ਹਰ ਇਕ ਧਰਮ-ਕ੍ਰਿਆ ਹਿਤ-ਵਾਦ, ਗਰਜ਼ਮੰਦੀ ਅਤੇ ਸੁਆਰਥ ਦੀ ਭਾਵਨਾ ਤੋਂ ਉਚੇਰੇ ਉੱਠ ਕੇ, ਕੇਵਲ 'ਸੱਚ ਦੀ ਸੂਝ ਦਾ ਮਾਰਗ' ਜਾਣਨ ਅਤੇ ਪਛਾਣਨ ਦੀ ਸਮਰਥਾ ਪ੍ਰਾਪਤ ਕਰਨ ਲਈ ਹੀ ਹੋਣੀ ਚਾਹੀਦੀ ਹੈ, ਨਿਰੀ ਰਸਮੀ ਜਾਂ ਵਿਖਾਵੇ ਲਈ ਨਹੀਂ ਹੋਣੀ ਚਾਹੀਦੀ। ਆਪਣੇ ਇਸ਼ਟ ਪਾਸੋਂ ਸੰਸਾਰੀ ਸੁੱਖਾਂ ਅਤੇ ਮਾਨਵੀ ਕਾਮਨਾਵਾਂ ਲਈ ਝੋਲੀ ਅੱਡ ਕੇ ਮੰਗਣਾ ਗੁਰ-ਮੁਖੀ ਸਿਧਾਂਤਾਂ ਹੁਕਮ, ਰਜ਼ਾ ਅਤੇ ਭਾਣੇ ਦੀ ਸਪਸ਼ਟ ਹੀ ਉਲੰਘਣਾ ਕਰਨਾ ਹੈ। ਇਹ ਖੁੱਲ੍ਹਮ ਖੁੱਲ੍ਹਾ ਮਨ ਮੁਖਾਂ ਵਾਲਾ ਆਚਰਣ ਹੈ, ਜਿਸ ਵਿਚ 'ਤਨ ਮਨੁ ਅਰਪਿ ਸਰਬਸੁ ਸਭ ਅਰਪਿਓ ਅਨਦ ਸਹਜ ਧੁਨਿ ਝੋਕ' ਵਾਲੀ ਭਾਵਨਾ ਖੰਡਿਤ ਹੁੰਦੀ ਹੈ।

ਯੋਗ ਦੀ ਚਰਚਾ ਵਿਚ ਅਕਸਰ ਇਹ ਕਹਿ ਲਿਆ ਜਾਂਦਾ

ਹੈ ਕਿ ਯੋਗ ਦੀ ਘਾਲ ਡਾਢੀ ਗਾਖੜੀ ਹੁੰਦੀ ਹੈ, ਪਰ ਘਾਲ ਗਾਖੜੀ ਹੋਣਾ ਹੀ ਯੋਗ ਦੀ ਕਠਿਨਾਈ ਨਹੀਂ, ਕਠਿਨਾਈ ਤਾਂ ਸਗੋਂ ਇਹ ਹੈ ਕਿ ਯੋਗ ਭਰੋਸਾ ਦਿੰਦਾ ਹੈ ਉਸ ਮੂਲ ਸੋਮੇ ਨਾਲ ਮੇਲਣ ਦਾ ਜਿਸ ਤੋਂ ਇਹ ਸਾਰਾ ਸੰਸਾਰ ਉਪਜਿਆ ਹੈ ਪਰੰਤੂ ਯੋਗ-ਮਾਰਗ ਦੇ ਜਿੰਨੇ ਗਰੰਥਾਂ ਨੂੰ ਚਾਹੋ ਦੇਖ ਲਵੋ ਕੋਈ ਨਾ ਕੋਈ ਰੇੜਕਾ ਪਾ ਕੇ ਕਵਲਯ ਵਿਚ ਵੀ ਵਿੱਥਾਂ ਝਾਕਦੀਆਂ ਮਿਲਦੀਆਂ ਹਨ। ਯੋਗੀ, ਸ਼ਿਵ ਜਿਹਾ ਹੋ ਸਕਦਾ ਹੈ, ਪਰ ਵਿਸ਼ੁੱਧ ਸ਼ਿਵ ਕਿਧਰੇ ਹੁੰਦਾ ਨਹੀਂ ਦਿੱਸਦਾ, ਕੁਝ ਨਾ ਕੁਝ ਅੰਤਰ ਬਣਿਆ ਹੀ ਰਹਿ ਜਾਂਦਾ ਹੈ ਅਤੇ ਇਹ ਸੰਸਾਰ ਜੋ ਮਹਾਂਦੇਵ ਸ਼ਿਵ ਦਾ ਦਿੱਤਾ ਸੀ ਉਹ ਪੇਸ਼ਗੀ ਹੀ ਹੱਥੋਂ ਛੁਡਾ ਲਿਆ ਜਾਂਦਾ ਹੈ। ਹੱਥ ਦੀ ਪ੍ਰਾਪਤੀ ਤਿਆਗ ਕੇ ਸੰਕਲਪਾਂ ਪਿੱਛੇ ਦੌੜਨਾ ਕਿੰਨਾ ਕਠਿਨ ਹੈ?

ਰਹੀ ਗੱਲ ਯਾਚਨਾ ਦੀ, ਸਾਡੀ ਮਾਨਸਿਕਤਾ ਯੁਗਾਂ ਯੁਗਾਂ ਤੋਂ ਯਾਚਨਾ ਦੇ ਤ੍ਰਾਸ ਦੇ ਭੈ ਤੋਂ ਕੰਬਦੀ ਆਈ ਹੈ, ਤੁਲਸੀ ਜਿਹਾ ਸੰਤ ਵੀ ਇਸ ਤ੍ਰਾਸ ਤੋਂ ਕੂਕਦਾ ਹੈ:

"ਤੁਲਸੀ ਕਰ ਪਰ ਕਰ ਕਰੋ ਕਰ ਤਲ ਕਰ ਨਾ ਕਰੋ। ਜਾਂ ਦਿਨ ਕਰ ਤਲ ਕਰ ਕਰੋ ਤਾਂ ਦਿਨ ਮਰਨ ਭਲੋ।"

ਅਤੇ ਸਾਡਾ ਲੋਕ ਅਖਿਆਨ ਵੀ ਕੁਝ ਇਹੋ ਜਿਹੀ ਬੋਲੀ ਹੀ ਬੋਲਦਾ ਹੈ:

"ਮੰਗਣ ਗਿਆ ਸੋ ਮਰ ਰਿਹਾ ਮਰੇ ਸੋ ਮੰਗਣ ਜਾਇ। ਉਸ ਤੋਂ ਪਹਿਲਾਂ ਉਹ ਮਰੇ ਜੋ ਹੁੰਦੇ ਮੁੱਕਰ ਜਾਹਿ।"

ਗੁਰਬਾਣੀ ਦਾ ਦ੍ਰਿਸ਼ਟੀਕੋਣ ਕੁਝ ਵਧੇਰੇ ਉਦਾਰ ਅਤੇ ਯਥਾਰਥਵਾਦੀ ਹੈ। ਗੁਰੂ ਬਾਣੀ ਲੋੜ-ਥੋੜ ਸਮੇਂ ਮੰਗਣ ਦੀ ਨਿਖੇਧੀ ਨਹੀਂ ਕਰਦੀ ਕੇਵਲ ਇਕ ਬੰਦਿਸ਼ ਲਾਉਂਦੀ ਹੈ, ਉਹ ਬੰਦਿਸ਼ ਇਹ ਹੈ ਕਿ "ਦਾਤਾ ਉਹ ਨ ਮੰਗੀਐ ਮੁੜ ਮੰਗਣ ਜਾਈਐ" ਤਾਂ ਜੋ ਯਾਚਨਾ ਯਾਤਨਾ ਨ ਬਣੇ।

ਗੁਰੂ ਦਰਬਾਰ ਵਿਚ ਵੀ ਲੋਕ ਆਪਣੀਆਂ ਮੰਗਾਂ, ਪੁੱਛਾਂ ਅਤੇ ਮਜਬੂਰੀਆਂ ਲੈ ਕੇ ਆਉਂਦੇ ਰਹਿੰਦੇ ਹਨ, ਜਿਵੇਂ ਇਹ ਪ੍ਰਸੰਗ ਵਿਚ ਝਾਜੂ, ਮੁਕੰਦਾ ਅਤੇ ਕਿਦਾਰਾ ਗੁਰੂ ਅਰਜਨ ਸਾਹਿਬ ਦੇ ਹਜ਼ੂਰ ਆਏ ਸਨ : ਉਹਨਾਂ ਦੀ ਪੁੱਛ ਮੁਕਤੀ ਦੇ ਸਾਧਨ ਬਾਰੇ ਸੀ। ਗੁਰੂ ਜੀ ਨੇ ਉਹਨਾਂ ਨੂੰ ਕੀਰਤਨ ਦੇ ਮਾਰਗ ਪਾਇਆ। ਝਾਜੂ ਅਤੇ ਉਸ ਦੇ ਸਾਥੀਆਂ ਅਰਦਾਸ ਕੀਤੀ ਜੀ ! ਬਾਣੀ ਦੇ ਪਾਠ ਦੇ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਵਲ ਕਹੀਐ:

ਬਚਨ ਹੋਆ ਬਾਣੀ ਦਾ ਪਾਠ ਇਹੁ ਹੈ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬ ਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੋ ਖੂਹ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਫੇਰ ਕੀਰਤਨ ਦਾ ਨਿਖੇੜਾ ਕੀਤਾ ਹੈ ਅਤੇ ਕਥਾ ਦਾ ਅੰਤਰ ਸਮਝਾਇਆ ਹੈ:

"ਤੇ, ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ। ਤੇ ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆ ਹੋਵਨ ਜੋ ਜੋ ਬੂੰਦ ਪਵੇ ਵਿਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਜੋ ਸਮਝਵਾਨ ਸਿੱਖ ਹੁੰਦੇ ਹਨ, ਜੋ ਜੋ ਕਥਾ-ਕੀਰਤਨ ਕਰਦੇ ਹਨ ਤੇ ਵਾਰਤਾ ਸੁਣਦੇ ਹਨ ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ, ਉਹਨਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਕਥਾ ਤੇ ਕੀਰਤਨ ਦੋਵੇਂ ਮਿਲੇ ਹੋਏ ਸਭਾ ਪਾਂਵਦੇ ਹਨ।"

ਇਹਨਾਂ ਸਾਖੀਆਂ ਵਿਚ ਸਾਡੇ ਸਾਹਮਣੇ ਦੋ ਕਿਰਦਾਰ ਹਨ ਅਤੇ ਦੋ ਹੀ ਸਥਿਤੀਆਂ ਹਨ। ਇਕ ਵੰਨੇ ਸੱਤਾ ਅਤੇ ਬਲਵੰਡ ਹਨ ਅਤੇ ਦੂਜੇ ਵੰਨੇ ਹਨ ਝਾਜੂ-ਮੁਕੰਦੂ ਅਤੇ ਕਿਦਾਰਾ। ਕਥਾ ਦੇ ਕਲੇਵਰ ਵਿਚ ਇਹ ਦੋਵੇਂ ਦੋ ਕੀਰਤਨੀ ਜੱਥੇ ਮਾਤਰ ਹਨ। ਦੋਹਾਂ ਦਾ ਕਿਰਦਾਰ ਵਿਅਕਤੀ-ਪ੍ਰਧਾਨ ਕਿਰਦਾਰ ਹੈ। ਇਹ ਕਿਰਦਾਰ ਸਮਕਾਲੀ ਅਹਿਸਾਸ ਨੇ ਜਿਸ ਰੂਪ ਵਿਚ ਨਿਖਾਰਿਆ ਪਰਖਿਆ ਹੈ, ਉਸ ਉੱਤੇ ਵਿਅਕਤੀਗਤ ਦੀ ਛਾਪ ਹੈ। ਪਰ, ਸਮੇਂ ਅਤੇ ਸਥਿਤੀ ਦੀ ਵਿੱਥ ਪਾਰੋਂ ਦੇਖੀਏ ਤਾਂ, ਕਿਸੇ ਵੱਡੇ ਭੁਲੇਖੇ ਦਾ ਸ਼ਿਕਾਰ ਹੋਏ ਬਿਨਾਂ, ਇਹ ਸਮਝ ਲੈਣਾ ਦੂਰ ਦੀ ਛਾਲ ਨਹੀਂ ਹੋਵੇਗੀ ਕਿ ਇਹ ਦੋਵੇਂ ਜੱਥੇ ਵਿਅਕਤੀ ਉਤਨੇ ਨਹੀਂ ਰਹਿ ਗਏ ਜਿਤਨੇ ਕਿ ਮਾਨਸਿਕ ਪ੍ਰਤਿਕਰਮੀ ਟਾਈਪ (ਪ੍ਰਤੀਕਾਤਮਕ) ਸਿੱਧ ਹੋਣਗੇ।

ਬਲਵੰਡ ਇਕ ਯੁੱਗ ਦੀ ਸ਼ੰਕਾਲੂ ਆਤਮਾ ਹੈ ਜੋ ਅੱਜ ਦੇ ਖੱਬੇ ਪੱਖੀ ਕਾਮੇ ਵਾਂਗੂ ਸੋਚਦਾ ਅਤੇ ਵਿਚਰਦਾ ਹੈ। ਇਕ ਸਦੀ ਨੂੰ ਢੁੱਕਦੀ ਉਮਰ, ਇਸ ਉੱਪਰ ਸੀ ਦੋ ਤਿਹਾਈ ਕਾਲ ਜਿੰਨਾ ਗੁਰੂ ਦੇ ਹਜ਼ੂਰੇ ਕੀਰਤਨ ਦੀ ਪੂੰਜੀ ਦੀ ਥੁੜ੍ਹ ਹੱਥੋਂ ਦੋ ਵਾਰ ਜੁਆਨੀ ਪਹਿਰੇ ਗੁਰੂ ਅੰਗਦ ਸਾਹਿਬ ਦੇ ਹਜ਼ੂਰ ਸਿਦਕ ਤੋਂ ਥਿੜਕਦਾ ਹੈ। ਪਹਿਲੀ ਵਾਰੀ ਉਸਦੀ ਮੰਗ ਹੈ ਕਿ ਗੁਰੂ ਦੀ ਗੋਲਕ ਦੀ ਮਾਲਕੀ ਵਿਚ ਕੀਰਤਨੀ ਜੱਥੇ ਦਾ ਅੱਧ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਬਾਣੀ ਰਚਦਾ ਹੈ ਅਤੇ ਉਹ ਬਾਣੀ

ਗਾ ਕੇ ਲੋਕਾਂ ਤਕ ਪਹੁੰਚਾਉਂਦੇ ਹਨ। ਸਪਸ਼ਟ ਹੈ ਉਹ ਗੋਲਕ ਨੂੰ ਉਸੇ ਪ੍ਰਕਾਰ ਸ਼ਖਸੀ ਮਿਲਖ ਸਮਝਦੇ ਹਨ ਜਿਵੇਂ ਗੁਰੂ ਕੇ ਸਾਹਿਬਜਾਦੇ।

ਦੂਜੀ ਘਟਨਾ ਵਿਚ, ਸ਼ਾਇਦ, ਕੁਝ ਸਮਾਂ ਹੋਰ ਲੰਘ ਗਿਆ ਹੈ ਅਤੇ ਪਿਛਲੀ ਵਾਰੀ ਜੋ ਸੰਗਤ ਦੀ ਵਿਚੋਲਗੀ ਵਿਚ ਪਾ ਕੇ ਭੁੱਲ ਬਖਸ਼ਾਉਣੀ ਪਈ ਸੀ ਉਸਦੀ ਕਾਵੜ ਵਿਹੁ ਵਾਂਗ ਮਨ ਵਿਚ ਬਦਸਤੂਰ ਘੁਲੀ ਹੋਈ ਹੈ, ਉਹ ਜਿਵੇਂ ਮੌਕੇ ਦੀ ਉਡੀਕ ਵਿਚ ਹੈ ਜਦੋਂ ਉਹ ਇਹ ਦਰਸਾ ਸਕੇ ਕਿ ਦਰਬਾਰ ਦਾ ਸ਼ਾਸਨ ਲੋੜ ਨਾਲੋਂ ਵੱਧ ਸਖਤ ਹੈ ਅਤੇ ਉਸਦਾ ਕਲਾਕਾਰ ਇਸ ਬੰਧਨ ਭਰੇ ਮਾਹੌਲ ਵਿਚ ਘੁਟਿਆ ਘੁਟਿਆ ਪ੍ਰਤੀਤ ਕਰਦਾ ਹੈ। ਉਹ ਸਮਝਦਾ ਹੈ ਕਿ ਉਹ ਗੁਰੂ ਜੀ ਦਾ ਹਜ਼ੂਰੀ ਕੀਰਤਨੀਆ ਹੈ, ਕਿਸੇ ਸਿੱਖ ਦੀ ਮੰਗ ਉੱਤੇ ਉਸ ਦੇ ਅੱਗੇ ਬੈਠ ਕੇ ਸ਼ਬਦ ਗਾਉਣਾ ਉਸ ਦੇ ਰੁਤਬੇ ਨੂੰ ਨੀਵਾਂ ਕਰੇਗਾ, ਬਿਨਾਂ ਇਹ ਵਿਚਾਰੇ ਕਿ ਗੁਰੂ ਜੀ ਦੀ ਨਜ਼ਰ ਵਿਚ ਆਪਣੇ ਸਿੱਖਾਂ ਦਾ ਕੀ ਰੁਤਬਾ ਹੈ।

ਤੀਸਰੀ ਘਟਨਾ ਪੰਚਮ ਪਾਤਸ਼ਾਹ ਦੇ ਸਮੇਂ ਵਾਪਰੀ ਮੰਨੀ ਜਾਂਦੀ ਹੈ। ਇਸ ਵਾਰੀ ਮੀਣਿਆਂ ਦੀ ਚੁੱਕ ਵੀ ਕਾਰਗਰ ਸੀ। ਰੋਸੇ ਦਾ ਠੁਣ੍ਹਾ ਭੰਨਣ ਲਈ ਲੜਕੀ ਦੇ ਵਿਆਹ ਦਾ ਅਵਸਰ ਵਿਚ ਆ ਜੁੜਿਆ, ਜੋ ਇਹ ਜਾਣ ਬੁੱਝ ਕੇ ਉਭਾਰਿਆ ਕਾਰਨ ਨਾ ਹੁੰਦਾ ਤਾਂ ਜਦੋਂ ਗੁਰੂ ਜੀ ਆਪ ਚੱਲ ਕੇ ਇਹਨਾਂ ਦੇ ਘਰ ਮਨਾਉਣ ਲਈ ਗਏ ਸਨ ਉਸ ਸਮੇਂ ਗੁੰਝਲ ਦਾ ਹੱਲ ਲੱਭਣਾ ਅਸੰਭਵ ਨਹੀਂ ਸੀ। ਘਰ ਚੱਲ ਕੇ ਮਨਾਉਣ ਆਏ ਮਾਲਕ ਨਾਲ ਕੋਈ ਸਿੱਧੀ ਗੱਲ ਕਰਨ ਦੀ ਥਾਂਵੇਂ, ਤੋੜ-ਵਿਛੋੜ ਨੂੰ ਉਕਸਾਉਣ ਲਈ, ਮਾਲਕ ਦੇ ਵੱਡ-ਵਡੇਰਿਆਂ ਦੀ ਆਨ ਨੂੰ ਪੁਣਨਾ ਜਾਣ ਬੁਝ ਕੇ ਕੀਤੀ ਉਤੇਜਿਕ ਗੁਸਤਾਖੀ ਸੀ, ਬਿਨਾ ਕਿਸੇ ਸ਼ੰਕੇ ਦੇ ਇਹ ਕਾਰਵਾਈ ਚੁੱਕ ਵਿਚ ਆਏ ਕਾਮੇ ਦੀ ਮੂਰਖਤਾ ਸੀ, ਜਿਸ ਦਾ ਫਲ ਮੁੜ ਤਰਲਿਆਂ ਨਾਲ ਖਿਮਾ ਪ੍ਰਾਪਤ ਕਰਨਾ ਸੀ।

ਦੀਵਾਨ ਵਿਚ ਸਤਿਗੁਰੂ ਦੇ ਹਜ਼ੂਰ ਅਤੇ ਸੰਗਤ ਵਿਚ ਸਿੱਖਾਂ ਦੀ ਅਭਿਲਾਖਾ ਦੇਖ ਕੇ ਨਿਹਕਾਮ ਕੀਰਤਨ ਕਰਨ ਵਾਲਿਆਂ ਦਾ ਪ੍ਰਤੀਕ ਝਾਜੂ ਮੁਕੰਦੂ ਅਤੇ ਕਿਦਾਰਾ ਹਨ। ਉਹਨਾਂ ਬਾਬਤ ਲਿਖਿਆ ਹੈ ਕਿ ਉਹ ਆਪਣਾ ਸਰੀਰ ਦਾ ਨਿਰਬਾਹ ਉਸ ਧਨ ਨਾ ਹੀ ਕਰਦੇ ਸਨ ਜੋ ਸੰਗਤਾਂ ਉਹਨਾਂ ਨੂੰ ਆਪਣੀ 'ਸ਼ਰਧਾ ਸੰਜੁਗਤ' ਸੇਵਾ ਕਰ ਦੇਣ 'ਉਸੇ ਥੀਂ ਕਰਦੇ ਸਨ ਅਤੇ ਨਾਲ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਅਤੇ ਨਾਲ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਕਿ ਜੇ ਇਤਨੀ ਪੂਜਾ ਮਿਲੇਗੀ ਤਾਂ ਕੀਰਤਨ ਕਰਾਂਗੇ ਨਹੀਂ ਤਾਂ ਨਹੀਂ ਕਰਾਂਗੇ। ਇਹੋ ਵਰਤਾਰਾ ਸਿੱਖ-ਰਾਜ ਦੇ ਸਮੇਂ ਤਕ ਚਲਦਾ ਰਿਹਾ ਹੈ।

ਹਕੀਕਤ ਇਹ ਹੈ ਕਿ ਇਹਨਾਂ ਦੋਹਾਂ ਸਾਖੀਆਂ ਵਿਚ ਕਈ ਇਤਿਹਾਸਕ ਤੱਥ ਲੁਕੇ ਹੋਏ ਹਨ ਜਿਨਾਂ ਵੱਲ ਅਸੀਂ ਵਿਗੜੀਆਂ ਰਹੁ-ਰੀਤਾਂ ਦੀ ਛਾਇਆ ਬਾਰੇ ਕਦੇ ਧਿਆਨ ਨਹੀਂ ਦਿੱਤਾ। ਬਲਵੰਡ ਦੂਜੇ ਸਤਿਗੁਰੂ ਦੇ ਹਜ਼ੂਰ ਮੰਗ ਕਰਦਾ ਹੈ ਤਾਂ ਗੋਲਕ ਵੰਡ ਜਾਣ ਦੀ ਪੰਚਮ ਪਾਤਸ਼ਾਹ ਦੇ ਹਜ਼ੂਰ ਮੰਗ ਕਰਦਾ ਹੈ ਲੜਕੀ ਦੇ ਵਿਆਹ ਦੇ ਖਰਚ ਲਈ ਤਾਂ ਇਕ ਦਿਨ ਦੀ ਗੋਲਕ ਵਿਚ ਆਈ ਭੇਟਾ ਦੀ। ਕਿਧਰੇ ਉਸ ਨੂੰ ਸੰਗਤ ਵੱਲੋਂ ਸ਼ਬਦ ਭੇਟ ਦਿੱਤੇ ਜਾਣ ਦਾ ਕੋਈ ਇਸ਼ਾਰਾ ਤਕ ਨਹੀਂ। ਝਾਜੂ ਮੁਕੰਦੂ ਤੇ ਕਿਦਾਰਾ ਹਜ਼ੂਰ ਕੀਰਤਨ ਕਰਦੇ ਹਨ ਤਾਂ ਸੰਗਤ ਵੱਲੋਂ ਸ਼ਬਦ ਭੇਟ ਦਾ ਕੋਈ ਮੌਕਾ ਨਹੀਂ ਹੋ ਸਕਦਾ। ਸੰਗਤ ਵੱਲੋਂ ਸ਼ਰਧਾ ਨਾਲ ਦਿੱਤਾ ਕੋਈ ਟਕਾ-ਪੈਸਾ ਦਰਬਾਰ ਵਿਚ ਭੇਟ ਨਹੀਂ ਹੋ ਸਕਦਾ ਸੀ ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਇਹ ਸੰਭਵ ਨਹੀਂ ਸੀ। ਨਿਸ਼ਚੇ ਨਾਲ ਕਹਿ ਸਕਦੇ ਹਾਂ ਇਹ ਭੇਟਾ ਉਹਨਾਂ ਨੂੰ ਉਸ ਸਮੇਂ ਅਰਪਣ ਕੀਤੀ ਜਾਂਦੀ ਹੋਵੇਗੀ ਜਦੋਂ ਉਹ ਕਿਸੇ ਸਿੱਖ ਦੇ ਘਰ ਕੀਰਤਨ ਕਰਨ ਜਾਂਦੇ ਹੋਣਗੇ। ਗੁਰੂ ਕੇ ਦਰਬਾਰ ਗੁਰੂ ਦੀ ਹਜ਼ੂਰੀ ਵਿਚ ਨਾ ਕਿਸੇ ਨੂੰ ਮੱਥਾ ਟੇਕਣ ਦੀ ਰੀਤ ਸੀ ਅਤੇ ਨਾ ਭੇਟ ਅਰਪਣ ਕਰਨ ਦੀ। ਗੁਰੂ ਕੇ ਦਰਬਾਰ ਰਾਜੇ ਅਤੇ ਬਾਦਸ਼ਾਹ ਵੀ ਆਏ ਹਨ, ਉਹਨਾਂ ਲਈ ਕੋਈ ਉਚੇਚ ਨਹੀਂ ਕੀਤਾ ਜਾਂਦਾ ਸੀ। ਬਾਦਸ਼ਾਹ ਨੇ ਗੁਰੂ ਦੇ ਹਜ਼ੂਰ ਮੱਥਾ ਟੇਕਣਾ ਹੁੰਦਾ ਸੀ ਤਕ ਬਾਦਸ਼ਾਹ ਨੂੰ ਉਸ ਸਮੇਂ ਸਲਾਮ ਨਹੀਂ ਕੀਤੀ ਜਾਂਦੀ ਸੀ, ਫੇਰ ਕੀਰਤਨੀਏ ਨੂੰ ਭੇਟਾ ਕਿਵੇਂ ਅਰਪਣ ਕੀਤੀ ਜਾ ਸਕਣੀ ਜਾਇਜ਼ ਹੁੰਦੀ। ਅੱਜ ਜੋ ਰੀਤ ਚਾਲੂ ਹੈ ਇਹ ਗੁਰਮਤਿ ਵਿਰੁੱਧ ਹੈ। ਇਸ ਦਾ ਮੂਲ ਕਿਧਰੇ ਹੋਰ ਹੈ। ਇਸ ਥਾਂ ਸੰਕੇਤ ਹੀ ਕਾਫੀ ਹੈ, ਚਰਚਾ ਦਾ ਅਵਸਰ ਨਹੀਂ।

ਇਕ ਹੋਰ ਸੰਕੇਤ ਇਸ ਸੰਬੰਧ ਵਿਚ ਇਸ ਥਾਂ ਸੰਭਵ ਹੋਵੇਗਾ। ਗੁਰੂ ਸਾਹਿਬਾਨ ਜਦ ਕਦੇ ਵੀ ਕਿਸੇ ਸਿੱਖ ਉੱਤੇ ਕ੍ਰਿਪਾਲ ਹੋ ਕੇ ਉਸ ਦੇ ਨਿਵਾਸ ਉੱਤੇ ਚਰਨ ਪਾਉਂਦੇ ਸਨ ਤਕ ਵਿਦਾਇਗੀ ਸਮੇਂ ਉਸ ਖਤਰ ਦੀ ਸੰਗਤ ਚਰਨ-ਭਟ ਅਰਪਣ ਕਰਦੀ ਸੀ। ਉਸ ਸਮੇਂ ਜੋ ਹਜ਼ੂਰੀ ਸੇਵਕ ਅਤੇ ਕੀਰਤਨੀਏ ਨਾਲ ਹੁੰਦੇ ਸਨ ਉਹਨਾਂ ਨੂੰ ਵੀ ਸਤਿਕਾਰ ਵਜੋਂ ਪੁਸ਼ਾਕੇ ਨਕਦੀ ਆਦਿ ਅਰਪਣ ਕੀਤੀ ਜਾਂਦੀ ਸੀ। ਬਾਦਸ਼ਾਹੀ ਦਰਬਾਰ ਦੀ ਰੀਤ ਅਨੁਸਾਰ ਜਦੋਂ ਉਹ ਭੇਟਾ ਸਤਿਗੁਰੂ ਦੇ ਪੇਸ਼ ਹੁੰਦੀਆਂ

ਉਹਨਾਂ ਵਿਚੋਂ ਦਰਬਾਰੋਂ ਕੁਝ ਹੋਰ ਜੋੜ ਕੇ ਉਹਨਾਂ ਸੇਵਕਾਂ ਨੂੰ ਬਖਸ਼ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸੇਵਕ ਇਸ ਪ੍ਰਕਾਰ ਦੀਆਂ ਭੇਟਾ ਹਾਸਿਲ ਕਰਨਾ ਆਪਣਾ ਅਧਿਕਾਰ ਸਮਝਣ ਲੱਗ ਪਏ। ਸਿੱਖ ਰਾਜ ਦੇ ਢਲਦੇ ਯੁਗ ਵਿਚ ਕੀਰਤਨੀਏ ਦਰਬਾਰ ਵਿਚ ਹੀ ਭੇਟਾ ਕਬੂਲਣ ਲੱਗੇ।

ਬੁਨਿਆਦੀ ਰੀਤ ਇਹੋ ਸੀ ਕਿ ਗੁਰੂ ਕਾਲ ਵਿਚ ਗੁਰਬਾਣੀ ਦਾ ਪਾਠ ਅਤੇ ਥੋੜ੍ਹਾ ਬਹੁਤ ਕੀਰਤਨ ਦਾ ਢੰਗ ਹਰ ਗੁਰ-ਸਿੱਖ ਦੀ ਨਿੱਤ ਕ੍ਰਿਆ ਵਿਚ ਸ਼ਾਮਿਲ ਸੀ। ਇਹ ਵਿੱਦਿਆ ਅਤੇ ਕਲਾ ਦੇ ਮੂਲ ਨਾਲ ਲੋਕ ਮਨ ਨੂੰ ਜੋੜਨ ਦਾ ਇਕ ਮਾਰਗ ਵੀ ਸੀ ਅਤੇ ਗੁਰਸਿੱਖੀ ਇਸ ਅਸੂਲ ਦੀ ਨੀਂਹ ਵੀ : ਕਿ ਗੁਰਸਿੱਖਾਂ ਵਿਚ ਕੋਈ ਉਦਗੀਥਾਂ, ਪਨੇਸਰਾਂ, ਪੁਰਹਿਤਾਂ ਦੀ ਜਮਾਤ ਨਹੀਂ ਹੋ ਸਕਦੀ।

"ਧ੍ਰਿਗ ਤਿਨ੍ਹਾਂ ਦਾ ਜੀਵਿਆ ਜੋ ਲਿਖ ਲਿਖ ਵੇਚੈ ਨਾਉਂ" ਅਤੇ "ਸਾਈ ਪੁਤਰੀ ਜਜਮਾਨ ਕੀ ਸਾ ਤੇਰੀ ਏਤਿ ਧਾਨ ਖਾਧੇ ਤੇਰਾ ਜਨਮ ਗਿਆ"

ਜਿਹੇ ਗੁਰੂ ਵਾਕ ਇਸੇ ਸੋਚਣੀ ਦਾ ਝਲਕਾਰਾ ਹਨ। ਸਿੱਖਾਂ ਦੀ ਨਿੱਤ-ਕ੍ਰਿਆ ਦੀ ਗਤੀ ਜੇ ਕਸਬੀ ਪੰਡਿਆਂ ਦੇ ਹੱਥ ਰਹੀ ਹੁੰਦੀ ਤਾਂ ਅੱਜ ਸਿੱਖ ਜੀਵਨ ਦੀ ਨੁਹਾਰ ਹੋਰ ਹੁੰਦੀ।

ਸਾਖੀ ਸੱਤੇ ਬਲਵੰਡ ਦੀ ਹੋਵੇ ਜਾਂ ਝਾਜੂ-ਮੁਕੰਦੂ ਦੇ ਕਿਦਾਰੇ ਦੀ ਹਰ ਸੂਰਤ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਤੇ ਸ਼ਰਧਾਵਾਨ ਗੁਰ-ਸਿੱਖਾਂ ਨੇ ਧਾਰਮਿਕ ਕਿਰਤਾਂ ਵਿਸ਼ੇਸ਼ ਕਰਕੇ ਕੀਰਤਨ ਨੂੰ, ਉਸ ਨਿਵਾਣ ਤਕ ਤਿਲ੍ਹਕਣ ਦਾ ਅਵਸਰ ਨਹੀਂ ਸੀ ਦਿੱਤਾ, ਜਿਸ ਨਿਵਾਣ ਤਕ ਤਿਲ੍ਹਕਣ ਬਾਰੇ ਕਿੰਤੂ ਪਹਿਲੇ ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿਚ ਕੀਤਾ ਸੀ:

"ਰੋਟੀਆਂ ਕਾਰਨ ਪੂਰਹਿ ਤਾਲ/ ਆਪ ਪਛਾੜਹਿ ਧਰਤੀ ਨਾਲ।ਅਤੇ
ਵਾਇਨ ਚੇਲੇ ਨਚਨਿ ਗੁਰੂ।ਪੈਰ ਹਲਾਇਨ ਫੇਰਨ ਸਿਰੁ।
ਉਡਿ ਉਡਿ ਰਾਵਾ ਝਾਟੇ ਪਾਇ।ਵੇਖੈ ਲੋਕ ਹਸੈ ਘਰ ਜਾਇ।"

ਗੁਰੂ ਕਾਲ ਵਿਚ ਗੁਰੂ ਬਾਣੀ ਦੇ ਕਿਸੇ ਵੀ ਕਾਰਜ ਨੂੰ, ਚਾਹੇ ਉਹ ਪਾਠ ਸੀ, ਚਾਹੇ ਕੀਰਤਨ ਅਤੇ ਚਾਹੇ ਉਹ ਵਿਆਖਿਆ ਸੀ, ਰੋਜ਼ੀ ਦਾ ਕਿੱਤਾ ਨਹੀਂ ਬਣਾਇਆ ਗਿਆ ਸੀ, ਰਬਾਬੀ ਅਤੇ ਢਾਡੀ ਜਾਂ ਰਾਗੀ ਵੀ ਇਸ ਬੰਧਨ ਤੋਂ ਮੁਕਤ ਨਹੀਂ ਸਨ ਬਿਨਾਂ ਇਸ ਵਿਤਕਰੇ ਦੇ ਕਿ ਉਹ ਸੱਤੇ-ਬਲਵੰਡ ਦੀ ਜੋੜੀ ਸੀ ਜਾਂ ਝਾਜੂ-ਮੁਕੰਦੂ ਤੇ ਕਿਦਾਰਾ ਸੀ। ਦੂਜੇ ਵੰਨੇ ਗੁਰ-ਸਿੱਖਾਂ ਵਿਚ ਰੀਤ ਉਸਾਰੀ ਗਈ ਕਿ ਗੁਰੂ ਘਰ ਦਾ ਕੋਈ ਜਾਮਾ ਜੋ ਆਪਣਾ ਸਾਰਾ ਸਮਾਂ ਅਜਿਹੇ ਕਾਰਜਾਂ ਨੂੰ ਅਰਪਣ ਕਰਦਾ ਹੈ, ਸੰਸਾਰਕ ਲੋੜਾਂ ਲਈ ਕਿਸੇ ਹੋਰ ਦਰ ਆਝਾ ਹੋ ਕੇ ਜਾਣ ਲਈ ਮਜਬੂਰ ਨਾ ਹੋਵੇ। ਇਹ ਜ਼ਿੰਮੇਵਾਰੀ ਗੁਰੂ ਦਰਬਾਰ ਜਾਂ ਸਰਦੇ-ਪੁਜਦੇ ਸਿੱਖ ਪਰਿਵਾਰਾਂ ਦੇ ਸਿਰ ਤੇ ਪਾਈ ਗਈ।

ਵਰਤਮਾਨ ਵਿਚ, ਜਿੰਨਾ ਸਿੱਖ ਰਹੁ-ਰੀਤ ਦੀ ਸੰਭਾਲ ਅਤੇ ਰੱਖਿਆ ਦਾ ਚਰਚਾ ਸੁਣੀਦਾ ਹੈ ਕਿਰਦਾਰ ਦੀ ਉਸੇ ਅਨੁਪਾਤ ਵਿਚ ਪਕੜ ਹੱਥੋਂ ਤਿਲ੍ਹਕ ਗਈ ਹੈ। ਗੁਆਂਢੀ ਸਮਾਜਾਂ ਦੀ ਦੇਖਾ ਦੇਖੀ ਦਿਖਾਵੇ ਦੀ ਭੁੱਲ ਵਿਚ ਵਿਤੋਂ ਬਾਹਰ ਵਾਧਾ ਹੋਇਆ ਹੈ। ਸਿੱਖੀ-ਜੀਵਨ ਦੀ ਸਾਦਗੀ ਦੀ ਥਾਂ ਪੁਰਾਣੀਆਂ ਜ਼ਾਤ ਬਰਾਦਰੀ ਦੀਆਂ ਰਸਮਾਂ ਪ੍ਰਧਾਨ ਹੋ ਰਹੀਆਂ ਹਨ। 'ਮਨ ਹੋਰ ਮੁਖ ਹੋਰ' ਵਾਲੀ ਦਸ਼ਾ ਜ਼ੋਰ ਫੜ ਰਹੀ ਹੈ। ਪੰਡਾ-ਵਾਦੀ ਪ੍ਰਵਿਰਤੀਆਂ ਸਿੱਖ ਪਾਠੀਆਂ, ਕੀਰਤਨੀਆਂ ਅਤੇ ਕਥਾ ਵਾਚਕਾਂ ਦਾ ਜੀਵਨ-ਬਿਉਹਾਰ ਬਣ ਗਈਆਂ ਹਨ। ਆਪ ਗੁਰਮੁਖੀ ਪੜ੍ਹੇ ਗੁਰ-ਸਿੱਖ ਪੜ੍ਹੇ ਗੁਰ-ਸਿੱਖ ਵੀ ਪਾਠ ਕਰਨ ਤੋਂ ਨੱਕ ਵੱਟਦੇ ਹਨ ਜਿਵੇਂ ਇਹ ਕੋਈ ਹੀਣੀ ਊਣੀ ਗੱਲ ਹੋਵੇ। ਮਹਾਨ ਗੁਰ-ਸਿੱਖ ਵੀ ਪਾਠ ਅਤੇ ਕੀਰਤਨ ਦਾ ਮੁੱਲ ਮੰਗਦੇ ਹਨ।

ਕਦੇ ਕਿਸੇ ਨੀਤੀ-ਗਰੰਥ ਵਿਚ ਦੋ ਸੂਕਤੀਆਂ ਪੜ੍ਹੀਆਂ ਹਨ, ਸੰਦਰਭ ਭੁੱਲ-ਭੁਲਾ ਗਿਆ ਹੈ ਅਤੇ ਯਾਦ ਦੀ ਪਕੜ ਵਿਚੋਂ ਅੱਖਰ ਵੀ ਚਿਰੋਕੇ ਖਿਰ ਲਏ ਹਨ ਪਰ ਉਹਨਾਂ ਸੂਕਤੀਆਂ ਦੇ ਭਾਵ ਦੀ ਚੁਭਨ ਚਿੱਤ ਵਿਚ ਬਾਕੀ ਹੈ। ਪਹਿਲੀ ਸੂਕਤੀ ਦਾ ਭਾਵ ਸੀ ਕਿ 'ਜਿਸ ਪਿੰਡ, ਜਿਸ ਬਸਤੀ ਜਾਂ ਜਿਸ ਨਗਰ ਵਿਚ ਪਤਾ ਲੱਗੇ ਕਿ ਉਥੋਂ ਦੇ ਬ੍ਰਾਹਮਣ ਦੇ ਬੱਚੇ, ਉਪਜੀਵਕੀ ਸਾਧਨਾਂ ਦੀ ਤੰਗੀ ਜਾਂ ਅਣਹੋਂਦ ਕਾਰਨ, ਰਾਤ ਨੂੰ ਖਾਲੀ ਪੇਟ ਸੌਣ ਲਈ ਮਜਬੂਰ ਹੁੰਦੇ ਹਨ; ਰਾਜਾ ਨੂੰ ਚਾਹੀਏ ਕਿ ਉਸ ਪਿੰਡ, ਬਸਤੀ ਜਾਂ ਨਗਰ ਨੂੰ ਸਣੇ ਉਸ ਦੀ ਵਸੋਂ ਦੇ ਤਤਕਾਲ ਅਗਨੀ ਭੇਂਟ ਕਰ ਦੇਵੇ। ਇਸ ਮਾਮਲੇ ਵਿਚ ਕਿਸੇ ਉਜਰ ਅਰਜ਼ੀ ਉੱਤੇ ਕੰਨ ਨਾ ਧਰਿਆ ਜਾਵੇ ਇਹ ਅਨਿਆਈ ਲੋਕਾਂ ਦੀ ਵਸੋਂ ਹੈ।"

ਦੂਜੀ ਸੂਕਤੀ ਦਾ ਭਾਵ ਹੋਰ ਵੀ ਕਰੂਰ ਵਿਉਹਾਰ ਦਾ ਆਦੇਸ਼ ਦਿੰਦਾ ਸੀ। ਉਸ ਵਿਚ ਕਿਹਾ ਗਿਆ ਸੀ: ਜਿਸ ਪਿੰਡ, ਬਸਤੀ ਜਾਂ ਨਗਰ ਵਿਚ ਸੂਚਨਾ ਮਿਲੇ ਕਿ ਉਥੋਂ ਦੇ ਬ੍ਰਾਹਮਣ ਦੀ ਪੂੰਜੀ ਸਮੇਂ ਦੇ ਪ੍ਰਚਲਿਤ ਤੇ ਵਿਉਹਾਰਕ ਸਿੱਕਿਆਂ 'ਚ ਇਕ ਸੌ ਤੋਂ ਜ਼ਿਆਦਾ ਹੈ ਉਸ ਬ੍ਰਾਹਮਣ ਨੂੰ, ਸਣੇ ਪਰਿਵਾਰ ਦੇ,

ਤਿਲਾਂ ਵਾਂਗ ਘਾਣੀ ਵਿਚ ਨਪੀੜ ਕੇ ਮੁਕਾ ਦਿੱਤਾ ਜਾਵੇ। ਅਜਿਹੇ ਬ੍ਰਾਹਮਣ ਦਾ ਪਰਿਵਾਰ ਮਾਰਨ ਨਾਲ ਰਾਜਾ ਨੂੰ ਬ੍ਰਹਮਣ ਹੱਤਿਆ ਦਾ ਪਾਪ ਨਹੀਂ ਲੱਗੇਗਾ, ਕਿਉਂਕਿ ਅਜਿਹਾ ਬ੍ਰਾਹਮਣ ਧਰਮ ਦਾ ਆਚਰਣ ਤਿਆਗ ਚੁੱਕਾ ਹੈ। ਆਚਾਰੀਆ ਦਾ ਆਦੇਸ਼ ਬੜਾ ਨਿਰਦਈ ਹੈ, ਪਰ ਸ਼ਾਸਨ ਅਤੇ ਨਿਆਂ ਦੇ ਮਾਮਲਿਆਂ ਵਿਚ ਜੋ ਰਾਜਾ ਨਰਮੀ ਕਰਦਾ ਹੈ ਉਹ ਅਧਰਮ ਨੂੰ ਵਧਣ ਫੁੱਲਣ ਦਾ ਸੱਦਾ ਦਿੰਦਾ ਹੈ।

ਸਮ੍ਰਿਤੀ-ਕਾਲ ਵਿਚ ਮਨੁੱਖੀ ਪਰਿਵਾਰਾਂ ਦੀਆਂ ਲੋੜਾਂ-ਥੋੜਾਂ ਬੇਹੱਦ ਸੀਮਤ ਅਤੇ ਕੀਮਤਾਂ ਘੱਟ ਤੋਂ ਘੱਟ ਦੇ ਕਿਸੇ ਵੀ ਅਨੁਮਾਨ ਨਾਲੋਂ ਕਿਤੇ ਘੱਟ ਹੁੰਦੀਆਂ ਸਨ। ਯਕੀਨਨ ਸਮੇਂ ਦੇ ਸੌ ਵਿਉਹਾਰਕ ਸਿੱਕੇ ਚੋਖੀ ਵੱਡੀ ਪੂਜੀ ਸਮਝੇ ਜਾਂਦੇ ਹੋਣਗੇ। ਜਿਸ ਕਾਰਨ ਅਜਿਹੀ ਕਰੜੀ ਵਿਵਸਥਾ ਕੁ-ਨਿਆਂ ਨਹੀਂ ਕਹੀ ਜਾ ਸਕਦੀ ਹੋਵੇਗੀ। ਇੰਜ ਨਾ ਹੁੰਦਾ ਤਾਂ ਆਚਾਰੀਆ ਨੀਤੀਕਾਰ ਅਜਿਹੀ ਵਿਵਸਥਾ ਕਦੇ ਨਾ ਦਿੰਦਾ। ਆਖਿਰ ਵਿਵਸਥਾ ਦੇਣ ਵਾਲਾ ਵੀ ਤਾਂ ਬ੍ਰਾਹਮਣ ਹੀ ਹੋਵੇਗਾ। ਸਮਾਜ ਨੂੰ ਨਿਆਂਕਾਰੀ ਹਦ-ਬੰਦੀਆਂ ਵਿਚ ਸੁਖਾਵਾਂ ਵਿਚਰਦਾ ਰੱਖਣ ਲਈ ਇਹੋ ਜਿਹੇ ਪ੍ਰਤਿ-ਬਿੰਬ, ਹਰ ਯੁੱਗ ਵਿਚ, ਸਮੇਂ ਦੇ ਧਰਮ-ਕਰਮ ਦੇ ਪ੍ਰਬੰਧਕ ਆਚਾਰੀਆ ਨੂੰ ਪ੍ਰਜਾ ਦੇ ਹਿਤਾਂ ਲਈ ਆਪਣੇ ਉਹਨਾਂ ਵਰਗਾਂ ਦੇ ਜੀਵਨ-ਆਚਾਰ ਉੱਤੇ ਆਰੰਪਿਤ ਕਰਨੇ ਪੈਂਦੇ ਹਨ।

ਮਨਸ਼ਾ ਇਹ ਹੁੰਦਾ ਸੀ ਕਿ ਸਮਾਜ ਵਿਚ ਕੋਈ ਬੁੱਧੀ-ਵਾਦੀ ਕਲਾ-ਜੀਵੀ ਜਾਂ ਗਿਆਨ-ਜੀਵਨ ਆਪਣੇ ਕਿੱਤੇ ਦੇ ਰੁਝੇਵਿਆਂ ਵਿਚ ਉਲਝਿਆ ਪਰਿਵਾਰ ਦੀ ਉਪਜੀਵਿਕਾ ਜੁਟਾ ਸਕਣੋ ਆਰੀ ਹੋ ਕੇ ਨਾ ਰਹਿ ਜਾਵੇ ਜਾਂ ਆਝਾ ਨਾ ਹੋ ਜਾਵੇ। ਇਹ ਵੀ ਦੇਖਣਾ ਜ਼ਰੂਰੀ ਹੈ ਕਿ ਕੋਈ ਚਤੁਰ ਸੂਝਵਾਨ ਆਪਣੀ ਬਦਨੀਤੀ ਨਾਲ ਸਾਧਾਰਣ ਬੰਦਿਆਂ ਦੀ ਖੱਲ ਨਾ ਲਾਹ ਕੇ ਨਾਹਕ ਆਪਣਾ ਘਰ ਭਰਦਾ ਰਹੇ। ਇਹ ਇਕ ਸੁਚੱਜੇ ਸੰਗਠਿਤ ਅਤੇ ਸੁਐ-ਸਮਰਥ ਸਮਾਜ ਦਾ ਸੰਤੁਲਿਤ ਸੰਕਲਪ ਸੀ। ਅਜਿਹੇ ਸਮਾਜ ਦਾ ਇਸ ਵਿਚ ਆਦਰਸ਼ਕ ਕੀਮਤਾਂ ਕਦਰਾਂ ਨੂੰ ਵਿਸ਼ੇਸ਼ ਮਾਣ ਦੇਣ ਦੀ ਰੀਤ ਹੋਵੇ। ਅਜਿਹਾ ਸਮਾਜ ਜਿਸ ਵਿਚ ਕੋਈ ਨ ਪਕੜੀਐ ਕਿਸੇ ਥਾਇ ਦਾ ਨਿਯਮ ਦ੍ਰਿੜ ਕਰ ਕੇ ਪਾਲਿਆ ਜਾਵੇ।

ਇਕ ਨਵੇਂ ਸਮਾਜ ਦੀ ਸਿਰਜਣ ਦੀ ਲੋੜ ਤਦੋਂ ਤੋਂ ਪਈ ਜਦੋਂ ਤੋਂ ਪੱਛਮੀ ਇਸਲਾਮੀ ਧਾੜਾਂ ਨੇ ਭਾਰਤੀ ਸੰਸਕ੍ਰਿਤੀ ਦੀਆਂ ਨੀਹਾਂ ਨੂੰ ਕੁਰੇਦਣਾ ਆਰੰਭਿਆ। ਡਾ. ਰਾਮ ਰਤਨ ਭਟਨਾਗਰ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ:

"ਇਸਲਾਮ ਦੀ ਅਰੋਕ ਜਿੱਤ ਦੇ ਫਲ-ਸਰੂਪ ਰਾਜਪੂਤ ਯੁਗ ਦੀ ਸੰਸਕ੍ਰਿਤੀ ਦਾ ਤਲਾ-ਮੂਲ ਉਖੜ ਗਿਆ ਅਤੇ ਉਸ ਦੇ ਥਾਂ ਵਿਦੇਸ਼ੀ ਅਤੇ ਵਿਜਾਤੀ ਇਸਲਾਮੀ ਸੰਸਕ੍ਰਿਤੀ ਹੀ ਆਪਣਾ ਚੋਲਾ ਬਦਲ ਕੇ ਆ ਟਿਕੀ।"-15●● ਈਃ ਤੋਂ ਪਿੱਛੋਂ ਵੈਸ਼ਨਵ ਸੰਸਕ੍ਰਿਤੀ ਉੱਤਰ-ਭਾਰਤ ਵਿਚ ਸਾਰੇ ਛਾ ਜਾਂਦੀ ਹੈ ਅਤੇ ਨਵਾਂ-ਜੀਵਨ ਆਦਰਸ਼ ਮਹਾਨ ਸਾਧਕਾਂ ਅਤੇ ਕਵੀਆਂ ਦੀ ਸਾਧਨਾਂ ਵਿਚ ਪੂਰੀ ਤਰ੍ਹਾਂ ਵਿਗਸ ਜਾਂਦਾ ਹੈ। ਕਲਾ-ਕੰਵਲ ਦੇ ਹਜ਼ਾਰ ਦਲ ਖੁੱਲ੍ਹਣ ਲਗਦੇ ਹਨ ਅਤੇ ਨਵੇਂ ਕੰਠ, ਨਵੇਂ ਸੁਰ, ਨਵੇਂ ਸੁਪਨੇ ਨਵੇ ਰੂਪ, ਨਵੇਂ ਸਾਹਿਤ, ਨਵੇਂ ਸੰਗੀਤ, ਨਵੇਂ ਚਿਤ੍ਰ ਅਤੇ ਨਵੀਆਂ ਕਿਰਤਾਂ ਦੇ ਰੂਪ ਵਿਚ ਨਵੀਂ ਜਾਗ੍ਰਤਿ ਬਣ ਜਾਂਦੇ ਹਨ:-

ਡਾ. ਭਟਨਾਗਰ ਚੌਦ੍ਹਵੀਂ ਸਦੀ ਵਿਚ ਨਾਮਦੇਵ ਨੂੰ ਪੰਜਾਬ ਵਿਚ ਵੈਸ਼ਨਵ-ਵਾਦ ਦਾ ਪ੍ਰਚਾਰ ਕਰਦਾ ਦੇਖਦੇ ਹਨ, ਸਰਹੰਦ ਨੂੰ ਨਾਮਦੇਵ ਦੇ ਸਮੇਂ ਵੈਸ਼ਨਵ-ਵਾਦ ਦਾ ਕੇਂਦਰ ਬਣ ਗਿਆ ਮੰਨਦੇ ਹਨ (ਸੂਚਨਾ ਦਾ ਸਰੋਤ ਨਹੀਂ ਦਿੱਤਾ) ਫਿਰ ਕਹਿੰਦੇ ਹਨ "ਪੰਦ੍ਰਵੀਂ ਸਦੀ ਵਿਚ ਵੈਸ਼ਨਵ ਸਾਧਨਾ, ਨਿਗਰੁਣ ਸਾਧਨਾਂ ਦੇ ਰੂਪ ਵਿਚ ਫੈਲੀ। ਸਰਹਿੰਦ ਵਿਚ ਅਤੇ ਪੂਰਬੀ ਪੰਜਾਬ ਵਿਚ ਵਿਗਸੀ। ਇਸਦੇ ਪਹਿਲੇ ਮੋਢੀ ਗੁਰੂ ਨਾਨਕ ਕਹੇ ਜਾ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੈਸ਼ਨਵ ਭਾਵਨਾ ਦੇ ਨਿਰਗੁਣ ਰੂਪ ਦਾ ਬੜਾ ਵਿਸਤਾਰ ਸੰਕਲਿਤ ਹੈ।

ਡਾ. ਭਟਨਾਗਰ ਦੀ ਗੁਰੂ ਸਾਹਿਬਾਨ (ਖਾਸ ਕਰਕੇ ਗੁਰੂ ਨਾਨਕ ਜੀ) ਬਾਰੇ ਜਾਣਕਾਰੀ ਬਹੁਤ ਓਪਰੀ ਹੈ। ਆਪਣੇ ਲੇਖ ਵਿਚ ਆਪ ਹੀ ਜੋ ਵੇਰਵਾ ਵੈਸ਼ਨਣਵਵਾਦ ਦੇ ਵਿਕਾਸ ਦਾ ਦਿੱਤਾ ਹੈ ਉਸੇ ਵਿਚ ਹੀ ਵੈਸ਼ਣਵਵਾਦ ਵਿਚ ਪਏ ਰਲਿਆ ਅਤੇ ਖੋਟ ਦਾ ਵੀ ਬਿਓਰਾ ਦਿੱਤਾ ਹੈ, ਉਸ ਨੂੰ ਵੇਖਦੇ ਹੋਏ ਕੋਈ ਸੂਝਵਾਨ ਗੁਰੂ ਨਾਨਕ ਜੀ ਨੂੰ ਉਸ ਗੰਧਲੇ ਵੈਸ਼ਨਵ-ਵਾਦ ਦਾ ਪੱਖੀ ਕਹਿਣ ਦੀ ਭੁੱਲ ਨਹੀਂ ਕਰ ਸਕਦਾ। ਆਪਣਾ ਇਹ ਕਥਨ ਕਿ "ਅਸਲੋਂ ਵੈਸ਼ਣਵ ਧਰਮ ਦੇ ਮੱਧ-ਯੁੱਗੀ ਉਤਥਾਨ ਨੂੰ ਗੁਪਤ ਯੁਗ ਦੇ ਪੁਰਾਣਕ ਅਤੇ ਤਾਂਤ੍ਰਿਕ ਸੰਸਕ੍ਰਤੀਆਂ ਨਾਲ ਪੂਰੀ ਤਰ੍ਹਾਂ ਸੰਬੰਧਿਤ ਕੀਤਾ ਜਾ ਸਕਦਾ ਹੈ", ਕਹਿਣ ਤੋਂ ਪਿੱਛੋਂ ਗੁਰੂ ਜੀ ਦੇ ਉਸ ਪੱਖ-ਪਾਤੀ ਹੋਣ ਦਾ ਸੰਦੇਹ ਵੀ ਨਹੀਂ ਕੀਤਾ ਜਾ ਸਕਦੇ। ਗੁਰੂ ਨਾਨਕ ਦੇ ਚਿੰਤਨ ਨੂੰ ਸਮਝਣ ਲਈ ਸਾਨੂੰ ਯੋਗ, ਵੇਦਾਂਤ ਅਤੇ ਨਿਟਾਯ ਦੀ ਪਰਿਭਾਸ਼ਾ ਵੱਖਰੀ ਕਰਨੀ ਹੋਵੇਗੀ। ਉਹਨਾਂ ਦਾ ਯੋਗ ਕੀਰਤਨ-ਯੋਗ ਹੈ ਜਿਸ ਵਿਚ ਗਤੀ, ਸੁਰ ਅਤੇ ਸ਼ੁਬਦ ਇਕ ਦੂਜੇ ਨਾਲ ਜੁੜ ਕੇ ਨਵੀਂ ਸਾਰਥਕਤਾ ਬਣਾਉਂਦੇ ਹਨ। ਗੁਰੂ ਦਾ ਵੇਦਾਂਤ, ਵੇਦਾਂਤ

ਸੁਝਾਉਂਦਾ ਹੈ "ਅਨਿਕ ਭਾਂਤਿ ਹੋਇ ਪਸਾਰਿਆ ਨਾਨਕ ਏਕੰਕਾਰ" ਅਤੇ ਨਿਆਯ ਹੈ "ਹਮ ਨਹੀਂ ਚੰਗੇ ਬੁਰਾ ਨਹੀਂ ਕੋਈ।" ਡਾ. ਹਜ਼ਾਰੀ ਪ੍ਰਸਾਦ ਦਾ ਮਤ ਹੈ:

"ਗਤਿ ਅਸੀਮ ਹੈ, ਤਾਲਾਂ ਵਿਚ ਬੱਝ ਕੇ ਸੀਮਤ ਹੋ ਜਾਂਦੀ ਹੈ ਅਤੇ ਇਕ ਰੂਪ ਗ੍ਰਹਿਣ ਕਰਦੀ ਹੈ", "ਸੁਰ ਅਨੰਤ ਹੈ, ਛੰਦ ਉਸਨੂੰ ਸੀਮਾ ਵਿਚ ਬੰਨਣ ਦਾ ਪ੍ਰਯਤਨ ਹੈ", ਇਵੇਂ ਹੀ ਸ਼ਬਦ ਅਸੀਮ ਹੈ, ਅਪਾਰ ਹੈ, ਅਰਥ ਰਾਹੀਂ ਉਸ ਨੂੰ ਭਾਸ਼ਾ ਵਿਚ ਬੰਨ੍ਹੀਦਾ ਹੈ। ਇਹਨਾਂ ਦਾ ਜੁੜਨਾ ਹੀ ਕੀਰਤਨ ਹੈ।

ਇਸ ਕੀਰਤਨ ਦਾ ਮਹੱਤਵ ਇਕ ਨਵਾਂ ਮਨੁੱਖ ਸਿਰਜਣ ਵਿਚ ਹੈ, ਉਹ ਨਵਾਂ ਮਨੁੱਖ ਜੋ ਕੀਰਤਨ ਲਈ ਜੁੜੀ ਸੰਗਤ ਵਿਚੋਂ ਜਨਮ ਲੈਂਦਾ ਹੈ ਅਤੇ ਜਿਸਦਾ ਨਿਸ਼ਾਨਾ ਇਕ ਦੂਜੇ ਨੂੰ ਸਾਂਝਾਂ ਰਾਹੀਂ ਸਮਝਣਾ ਸਮਝਾਉਣਾ ਹੈ। ਜਿਸ ਨੂੰ ਇਸ ਆਪਸੀ ਬੋਧ ਤੋਂ ਪਤਾ ਚਲਦਾ ਹੈ:

"ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆ ਹਾਰੀਐ।"

ਅਤੇ, ਜਿਸ ਦੇ ਜੀਵਨ ਦਾ ਆਦਰਸ਼ ਇਹੋ ਰਹੇ।

ਅਜਿਹੇ ਸਮਾਜ ਵਿਚ ਵੈਰ, ਵਿਰੋਧ, ਬਖੀਲੀ, ਹਿੰਸਾ, ਦੁਰੈਤ, ਛੂਤ-ਛਾਤ, ਊਚ-ਨੀਚ ਜਿਹੇ ਸੰਕਲਪਾਂ ਲਈ ਅਵਸਰ ਹੀ ਨਹੀਂ ਬਚ ਰਹਿੰਦਾ। ਜ਼ਿੰਦਗੀ ਆਪਣੀ ਜੀਵਨ-ਯਾਤਰਾ ਦੇ ਮਾਰਗ ਉੱਤੇ ਇਕ ਨਵਾਂ ਅਤੇ ਸੁਖਾਵਾਂ ਮੋੜ ਕੱਟਣ ਦੀ ਕ੍ਰਿਆ ਸਿੱਖਦੀ ਹੈ

ਸਿੱਖ ਅਜਿਹੇ ਸਜੀਵ ਸਮਾਜ ਦੀ ਸਥਾਪਨਾ ਲਈ ਇਕ ਨਵਾਂ ਪਾਠ-ਕ੍ਰਮ ਹੈ, ਜੋ ਦਸ ਗੁਰੂਆਂ ਦੇ ਆਦਰਸ਼ਾਂ ਨੂੰ ਜੀਅ ਕੇ, ਕ੍ਰਿਯਾਤਮਕ ਢੰਗ ਨਾਲ ਦਸ ਪਾਠਾਂ ਵਿਚ ਪੜ੍ਹਾਇਆ ਸੀ। ਇਸ ਸਮਾਜ ਦਾ ਹਰ ਜੀਵ ਪਰਿਵਾਰ ਲਈ; ਹਰ ਪਰਿਵਾਰ ਪਰਿਵਾਰ ਦੇ ਅੰਗ ਲਈ: ਅਤੇ ਹਰ ਪਰਿਵਾਰ ਸਮਾਜ ਲਈ; ਹਰ ਸਮਾਜ ਆਪਣੇ ਦੇਸ਼ ਅਤੇ ਆਪਣੇ ਸਮਾਜਿਕਾਂ ਲਈ, ਹਰ ਦੇਸ਼ ਆਪਣੇ ਦੇਸ਼ ਵਾਸੀਆਂ ਅਤੇ ਮਾਨਵਤਾ ਲਈ ਅਤੇ ਸਾਰੀ ਮਾਨਵਤਾ ਮਾਨਵ ਇਕਾਈ ਲਈ ਸੁਖ ਅਤੇ ਸਾਧਨ ਜੁਟਾਣ ਲਈ ਇਕ ਸਾਂਝੀ ਉੱਨਤੀ ਦੇ ਸੰਗਠਨ ਦੀ ਸੰਚਾਲਕ ਇਕਾਈ ਹੋਵੇਗੀ। ਇਹੀ ਉਹ ਸਰਬਤ ਦੇ ਭਲੇ ਦਾ ਆਦਰਸ਼ਕ ਸੰਕਲਪ ਹੈ, ਜਿਸ ਵਿਚ ਹਰ ਸਿੱਖ ਆਪਣੇ ਆਕਲ ਪੁਰਖ ਦੇ ਹਜੂਰ ਦਿਨ ਵਿਚ ਘੱਟੋ ਘੱਟ ਤਿੰਨ ਵਾਰੀ ਅਰਦਾਸ ਕਰਦਾ ਹੈ।


ਹਵਾਲੇ :

1. ਮੁੰਡਕ ਉਨਿਸ਼ਦ 1/2/7
2. ਹਿੰਦੀ ਅਨੁਸ਼ੀਲਨ, ਇਲਾਹਬਾਦ, ਧੀਰੇਂਦ੍ਰ ਵਰਮਾ ਅੰਕ, ਪੰਨਾ 247-260
3. ਵਰਮਨ, ਸ਼ਿਵ ਬਰਤ ਲਾਲ, ਐੱਮ. ਏ. (ਪੰਜਾਬੀ ਸੂਰਮਾ, ਭਾਗ ਪਹਿਲਾ, ਲਾਹੌਰ 1908 (ਉਰਦੂ) ਸਫਾ 25
4. ਦੁਵੇਦੀ, ਹਜ਼ਾਰੀ ਪ੍ਰਸਾਦ, ਹਿੰਦੀ ਅਨੁਸ਼ੀਲਨ, ਧੀਰੇਂਦ ਵਰਮਾ ਅੰਕ, ਇਲਾਹਾਬਾਦ, ਪੰਨਾ 485


**ਪੁਸਤਕ - ਕੀਰਤਨ : ਸੰਦਰਭ ਅਤੇ ਸਰੂਪ ਵਿਚੋਂ**

## ਮਨ ਕੰਬਿਆ

ਕਾਰ ਵਿਹਾਰ ਤੇ ਜਾਣ ਲਈ ਰੋਜ਼ ਹੀ ਗੁਰਦੁਆਰਾ ਸਾਹਿਬ ਦੇ ਅੱਗੋਂ ਕਾਰ ਤੇ ਨਿਕਲਕੇ ਜਾਇਆ ਕਰਦਾ ਸੀ। ਇਕ ਦਿਨ ਮਨ ਵਿਚ ਖਿਆਲ ਆਇਆ ਕਿ ਹੇ ਮਨਾ ਤੂੰ ਕਿੱਡਾ ਪਾਪੀ ਹੈਂ, ਗੁਰੂ ਘਰ ਦੇ ਅੱਗੋਂ ਐਵੇਂ ਹੀ, ਬਿਨਾ ਦਰਸ਼ਨ ਕੀਤੇ ਹੀ ਲੰਘ ਜਾਂਦਾ ਹੈ। ਭਾਵੇਂ ਸੀਸ ਨਿਵਾ ਕੇ ਬਾਹਰੋਂ ਹੀ ਨਮਸਕਾਰ ਕਰ ਦਿੰਦਾ ਸੀ ਪਰ ਫਿਰ ਵੀ ਇਕ ਖਾਲੀ ਪਣ ਜਿਹਾ ਮਹਿਸੂਸ ਹੁੰਦਾ ਸੀ। ਮਨ ਵਿਚ ਪ੍ਰਣ ਕੀਤਾ ਹਰ ਰੋਜ਼ ਦਰਸ਼ਨ ਕਰਕੇ ਹੀ ਕੰਮ ਤੇ ਜਾਣਾ ਹੈ। ਘਰੋਂ 15 ਕੁ ਮਿੰਟ ਪਹਿਲਾਂ ਨਿਕਲ ਪੈਂਦਾ ਹਾਂ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਹੀ ਕੰਮ ਤੇ ਜਾਂਦਾ ਹਾਂ। ਮੈਂ ਇਹ ਪੱਕਾ ਨੇਮ ਬਣਾ ਲਿਆ ਹੈ।

ਇਕ ਦਿਨ ਦਰਸ਼ਨ ਕਰਕੇ ਮਹਾਰਾਜ ਦੀ ਹਜੂਰੀ ਵਿਚ ਬੈਠਾ ਮੂਲ ਮੰਤਰ ਦਾ ਜਾਪ ਕਰ ਰਿਹਾ ਸੀ ਇਸ ਤਰ੍ਹਾਂ ਲੱਗਾ ਜਿਵੇਂ ਕਿਸੇ ਨੇ ਬਾਰੀ ਦੇ ਸ਼ੀਸ਼ੇ ਤੇ ਵੱਟਾ ਮਾਰਿਆ ਹੋਵੇ। ਇਕ ਦਮ ਦੇਖ ਕੇ ਬਹੁਤ ਹੈਰਾਨੀ ਹੋਈ। ਇਕ ਪੰਛੀ ਸ਼ੀਸ਼ੇ ਨਾਲ ਆ ਕੇ ਟਕਰਾਇਆ ਤੇ ਥੱਲੇ ਡਿੱਗ ਪਿਆ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਇਹ ਪੰਛੀ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਅੰਦਰ ਆਉਣਾ ਚਾਹੁੰਦਾ ਹੈ ਪਰੰਤੂ ਮਨੁੱਖੀ ਜਾਮੇ ਤੋਂ ਬਿਨਾ ਕਿਸੇ ਹੋਰ ਜੂਨ ਵਿਚ ਗੁਰੂ ਮਹਾਰਾਜ ਇਕ ਦਮ ਕਬੀਰ ਸਾਹਿਬ ਦਾ ਉਚਾਰਿਆਬਚਨ ਯਾਦ ਆ ਗਿਆ "ਚਾਰਿ ਪਾਵ, ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਈ ਹੈ।" ਮਨ ਕੰਬ ਗਿਆ। ਤੇਰਾ ਵੀ ਏਹੀ ਹਾਲ ਹੋਣਾ। ਚੰਗਾ ਹੋਵੇ ਜੇਕਰ ਤੂੰ ਗੁਰੂ ਸਾਹਬਿ ਦੀ ਹਜੂਰੀ ਵਿਚ ਨਾਮ ਜਪ ਕੇ ਅਪਨਾ ਅਗਲਾ ਪੰਧ ਸਵਾਰ ਲਵੇ।

G.S. Ahluwalia, USA

# ਪੰਥ ਰਤਨ
# ਗਿਆਨੀ ਸੰਤ ਸਿੰਘ ਮਸਕੀਨ

**ਕਰਮ ਸਿੰਘ ਰਤਨ**

ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਸਾਹਿਬ ਜੀ ਅਵਲਰ ਰਾਜਸਥਾਨ ਵਾਲੇ ਜੋ ਕਿ 18 ਫਰਵਰੀ ਸੰਨ 2005 ਨੂੰ ਇਟਾਵਾ ਸ਼ਹਿਰ ਯੂ. ਪੀ. ਵਿਖੇ ਗੁਰਪੁਰੀ ਸਿਧਾਰ ਗਏ ਸਨ। ਆਪ ਜੀ ਨੂੰ ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਪੰਥ ਰਤਨ ਦਾ ਖਿਤਾਬ ਬਖਸ਼ਿਸ਼ ਹੋਇਆ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ (ਗੁਰਮਤਿ ਮਾਰਤੰਡ) ਦਾ ਖਿਤਾਬ ਉਹਨਾਂ ਨੂੰ ਸਵਰਗ ਸਿਧਾਰਨ ਤੋਂ ਬਾਅਦ ਦਿੱਤਾ ਗਿਆ ਸੀ। ਆਪ ਜੀ ਵਾਕਿਆ ਹੀ ਗੁਰਮਤਿ ਦੇ (ਮਾਰਤੰਡ) ਯਾਨੀ ਕਿ ਸੂਰਜ ਸਨ। ਗੁਰਮਤਿ ਦੀ ਵਿਆਖਿਆ ਤੇ ਕਥਾ ਜੋ ਆਪ ਜੀ ਕਰਦੇ ਸਨ ਅਤੇ ਜੋ ਜੋ ਆਪ ਜੀ ਦਲੀਲਾਂ ਦੇਂਦੇ ਸਨ, ਉਹਨਾਂ ਦੀ ਦਲੀਲ ਨੂੰ ਕੋਈ ਵੀ ਕੱਟ ਨਹੀਂ ਸੀ ਕਰ ਸਕਦਾ, ਕੋਈ ਵੀ ਸ਼ਖਸ ਉਸ ਨੂੰ ਗਲਤ ਨਹੀਂ ਸੀ ਕਹਿ ਸਕਦਾ, ਇਸੇ ਕਾਰਨ ਪੰਥ ਨੇ ਉਹਨਾਂ ਨੂੰ ਗੁਰਮਤਿ ਦੇ ਮਾਰਤੰਡ ਦੀ ਉਪਾਧੀ ਬਖਸ਼ੀ ਸੀ। ਗਿ: ਸੰਤ ਸਿੰਘ ਜੀ ਮਸਕੀਨ ਜੀ ਪੰਥ ਦੇ ਸਿਰਮੌਰ ਵਿਦਵਾਨ ਸਨ। ਆਪ ਜੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਕਥਾ ਲੈਕਚਰਾਂ ਰਾਹੀਂ ਗੁਰੂ ਸ਼ਬਦ ਦੀ ਐਸੀ ਗੂੰਜ ਪੈਦਾ ਕੀਤੀ ਕਿ ਅਨੇਕਾਂ ਭੁਲਿਆਂ ਹੋਇਆਂ ਨੂੰ ਗੁਰੂ ਮਾਰਗ ਦੀ ਸੋਝੀ ਪੈ ਗਈ ਅਤੇ ਉਹ ਗੁਰੂ ਲੜ ਲਗ ਗਏ। ਆਪ ਜੀ ਦੀ ਰਸਨਾ ਅਤੇ ਹਿਰਦੇ ਵਿਚ ਗੁਰੂ ਬਾਣੀ ਦਾ ਵਾਸਾ ਸੀ। ਸੰਗਤ ਵਿਚ ਜਦੋਂ ਆਪ ਜੀ ਗੁਰੂ ਸ਼ਬਦ ਦੀ ਰਸ ਭਰੀ ਵਿਚਾਰ ਰਖਦੇ ਸਨ ਤਾਂ ਸੰਗਤ ਮੰਤਰ ਮੁਗਧ ਹੋ ਜਾਂਦੀ ਸੀ, ਘੜੀਆਂ ਰੁਕ ਜਾਂਦੀਆਂ ਸਨ ਅਤੇ ਰਾਹੀਆਂ ਦੇ ਪੈਰ ਰੁਕ ਜਾਂਦੇ ਸਨ।

ਵਕਤੇ ਵਿਚ ਵਿਦਵਾਨਾਂ ਦੇ ਲਿਖੇ ਅਨੁਸਾਰ 14 ਚੌਦਾਂ ਗੁਣ ਹੋਣੇ ਚਾਹੀਦੇ ਹਨ। ਉਹਨਾਂ ਵਿਚੋਂ ਕੁਝ ਵਿਸ਼ੇਸ਼ ਗੁਣ ਮਸਕੀਨ ਸਾਹਿਬ ਜੀ ਵਿਚ ਪਾਏ ਜਾਂਦੇ ਸਨ। 'ਨਿਰਲੋਭੀ', 'ਸੰਤੋਖੀ', ਜ਼ੁਬਾਨ ਵਿਚ ਰਸ, ਸਰਲ ਅਦਾਇਗੀ, ਅਲੰਕਾਰ ਐਸਾ ਬੰਨ੍ਹਣਾ ਕਿ ਸੱਚ ਪ੍ਰਤਖ ਮੂਰਤੀਮਾਨ ਹੋ ਜਾਏ। ਸਰੋਤਿਆਂ ਦੀ ਬਿਤੀਆਂ ਨੂੰ ਬੰਨ ਕੇ ਆਪਣੇ ਵੱਲ ਖਿੱਚ ਲੈਣਾ, ਕਥਾ ਕਰਦਿਆਂ ਸੰਗਤ ਵਿਚ ਸੱਚੀ ਗੱਲ ਬੜੀ ਨਿਡਰਤਾ ਤੇ ਦਲੇਰੀ ਨਾਲ ਕਹਿ ਦੇਣੀ, ਭਾਵੇਂ ਕਿਸੇ ਦੇ ਖਿਲਾਫ ਜਾਵੇ, ਭਾਵੇਂ ਹੱਕ ਵਿਚ ਜਾਵੇ, ਉੱਚੇ ਆਚਰਣ ਦੀ ਮੂਰਤੀ ਸਨ, ਅਤੇ ਆਪ ਜੀ ਨੇ ਜੋ ਕਹਿਣਾ ਉਸ ਤੇ ਅਮਲ ਵੀ ਕਰਨਾ।

ਸੰਸਾਰ ਵਿਚ ਇਸ ਤਰ੍ਹਾਂ ਦੇ ਵਿਦਵਾਨ ਘੱਟ ਹੀ ਦੇਖਣ ਵਿਚ ਆਉਂਦੇ ਹਨ, ਜੋ ਚੰਗੇ ਵਕਤੇ ਵੀ ਹੋਣ ਅਤੇ ਚੰਗੇ ਲਿਖਾਰੀ ਭੀ ਹੋਣ, ਜਿਹੜਾ ਚੰਗਾ ਲਿਖਾਰੀ ਹੋਵੇਗਾ, ਉਹ ਚੰਗਾ ਵਕਤਾ ਨਹੀਂ ਹੁੰਦਾ, ਜੋ ਚੰਗਾ ਵਕਤਾ ਹੋਵੇ ਉਹ ਚੰਗਾ ਲਿਖਾਰੀ ਨਹੀਂ ਹੁੰਦਾ। ਪਰ ਮਸਕੀਨ ਜੀ ਵਿਚ ਇਹ ਦੋਵੇਂ ਹੀ ਗੁਣ ਸਨ, ਉਹ ਚੰਗੇ ਵਕਤੇ ਵੀ ਸਨ ਅਤੇ ਚੰਗੇ ਲਿਖਾਰੀ ਵੀ ਸਨ। ਮਸਕੀਨ ਜੀ ਨੇ ਸੰਗਤ ਸਾਹਮਣੇ ਕਥਾ ਲੈਕਚਰਾਂ ਦੀ ਛਹਿਬਰ ਤਾ ਲਾਈ ਹੀ ਸੀ, ਪਰ ਉਹ ਲਿਖਤ ਰਾਹੀਂ ਵੀ ਗੁਰਬਾਣੀ ਦੇ ਪ੍ਰਚਾਰ ਦਾ ਅਨੂਠਾ ਕਾਰਜ ਕਰਦੇ ਰਹੇ ਹਨ। ਉਹਨਾਂ ਨੇ ਜੋ ਪੁਸਤਕਾਂ ਲਿਖੀਆਂ ਹਨ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ : 1. ਗੁਰੂ ਚਿੰਤਨ, 2. ਗੁਰੂ ਜੋਤੀ, 3. ਤੀਜਾ ਨੇਤ੍ਰ, 4. ਚੌਥਾ ਪਦੁ, 5. ਪੰਚ ਪ੍ਰਵਾਨ, 6. ਖਟਿ ਦਰਸ਼ਨ, 7. ਸਪਤ ਦੀਪ, 8. ਅਸ਼ਟ ਧਾਤ, 9. ਨੌ ਰਸ, 10. ਅੰਮ੍ਰਿਤ ਮੰਥਨ, 11. ਪ੍ਰਭੂ ਸਿਮਰਨ, 12. ਸ਼ਬਦ ਗੁਰੂ ਸੁਰਤਿ ਧੁਨਿ ਚੇਲਾ, 13. ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਤੇ ਪ੍ਰਚਾਰਕ ਸ਼੍ਰੇਣ ਅਤੇ ਹੋਰ ਵੀ ਅਨੇਕਾਂ ਕਿਤਾਬਾਂ ਲਿਖੀਆਂ ਹਨ।

ਮਸਕੀਨ ਸਾਹਿਬ ਦੀਆਂ ਰਚਨਾਵਾਂ ਤੇ ਦਾਸ ਨੇ ਕਵਿਤਾ ਵਿਚ ਕੁਛ ਪੰਕਤੀਆਂ ਲਿਖੀਆਂ ਹਨ (ਗਿਆਨ ਦਾ ਭੰਡਾਰ ਲੈ ਕੇ (ਗਿਆਨੀ) (ਸੰਤ) ਸੰਤ ਦਾ ਅਵਤਾਰ ਲੈ ਕੇ, (ਸਿੰਘ) ਗਜਦਾ ਹੈ ਸ਼ੇਰ ਵਾਂਗ, (ਮਸਕੀਨ) ਮਸਕੀਨੀ ਹਿਰਦੇ ਧਾਰ ਕੇ (ਗੁਰੂ ਚਿੰਤਨ) ਗੁਰੂ ਚਿੰਤਨ ਰਿਦੈ ਕੀਤਾ, (ਗੁਰੂ ਜੋਤੀ) ਰਿਦੈ ਆਈ, (ਤੀਜਾ ਨੇਤ੍ਰ) ਖੁਲ ਗਿਆ, (ਚੌਥਾ ਪਦੁ), ਧਾਰ ਕੇ (ਪੰਜਾਂ 'ਚ ਪ੍ਰਵਾਨ) ਹੋ ਗਏ, (ਖਟਿ ਦਰਸ਼ਨ) ਖਟਿ ਸ਼ਾਸਤ੍ਰ ਪੜ ਲਏ, (ਸਪਤ ਦੀਪ) ਸੈਰ ਕੀਤੀ, (ਅਸ਼ਟ ਧਾਤ) ਧਾਰ ਕੇ (ਨੌ ਰਸ) ਜਾਣੇ ਜਦੋਂ, ਨਉ ਨਿਧਾਂ ਘਰ ਆਈਆਂ, (ਅੰਮ੍ਰਿਤ ਮੰਥਨ) ਕੀਤਾ, ਸੁਰਤ ਸ਼ਬਦ ਗੁਰੂ ਧਾਰ ਕੇ।। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸਾਰੇ ਵਸ ਕੀਤੇ, ਭੂਤ ਪ੍ਰੇਤ ਵਸ ਕੀਤੇ, ਸਾਰੇ ਸੰਸਾਰ ਦੇ।। ਜਪ ਅੰਦਰ ਵਸ

ਗਿਆ, ਜਾਪ ਜਦੋਂ ਕਰ ਲਿਆ। ਸਾਰਾ ਜੀਵਨ 'ਰਤਨ' ਹੋਇਆ, ਨਾਮ ਰਿਦੇਧਾਰ ਕੇ॥

ਦਾਸ ਨੇ ਕਈ ਸੰਤਾਂ ਦੇ ਡੇਰਿਆਂ ਤੇ ਜਾ ਕੇ ਆਪਣੇ ਅੱਖੀਂ ਵੇਖਿਆ ਹੈ ਕਿ ਉਹਨਾਂ ਸੰਤਾਂ ਉੱਤੇ ਮਹਾਰਾਜ ਦਸਮ ਪਿਤਾ ਦਾ ਇਹ ਸਵਯਾ ਪੂਰੀ ਤਰ੍ਹਾਂ ਢੁਕਦਾ ਹੈ। ਆਂਖਨ ਭੀਤਰ ਤੇਲ ਕੋ ਡਾਰਸ ਲੋਗਨ ਨੀਰ ਬਹਾਇ ਦਿਖਾਵੈਂ। ਜੋ ਧਨਵਾਨ ਲਖੈਂ ਨਿਜ ਸੇਵਕ, ਤਾਹਿ ਪਰੋਸ ਪ੍ਰਸਾਦਿ ਜਿਮਾਵੈਂ। ਜੋ ਧਨ ਹੀਨ ਲਖੈਂ ਤਿਹ ਦੇਤ ਨ ਮਾਗਨ ਜਾਤ ਮੁਖੋਂ ਦਿਖਾਵੈਂ। ਲੂਟਤ ਹੈ ਪਸੁ ਲੋਗਨ ਕੋ ਕਬਹੂ ਨ ਪ੍ਰਮੇਸਰ ਕੇ ਗੁਨ ਗਾਵੈਂ॥ ਆਮ ਸੰਤਾਂ ਦੇ ਡੇਰਿਆਂ ਵਿਚ ਦੇਖਿਆ ਹੈ ਕਿ ਧਨੀ ਤੇ ਮਾਇਆ ਵਾਲੇ ਅਤੇ ਵੱਡੇ ਵੱਡੇ ਲੀਡਰਾਂ ਦੀ ਬਹੁਤ ਆਉ ਭਗਤ ਹੁੰਦੀ ਹੈ ਤੇ ਉਹਨਾਂ ਦਾ ਬਹੁਤ ਸਤਿਕਾਰ ਹੁੰਦਾ ਹੈ ਕਿਉਂਕਿ ਉਹਨਾਂ ਪਾਸੋਂ ਵੱਡੀ ਮਾਇਆ ਆਉਣ ਦੀ ਆਸ ਹੁੰਦੀ ਹੈ ਪਰ ਜੇਕਰ ਉਹਨਾਂ ਪਾਸ ਕੋਈ ਰਾਗੀ ਜਾਂ ਪ੍ਰਚਾਰਕ ਚਲਾ ਜਾਵੇ ਤਾਂ ਉਹਨਾਂ ਨੂੰ ਬੜੀ ਨਫਰਤ ਭਰੀ ਨਿਗਾਹ ਨਾਲ ਵੇਖਿਆ ਜਾਂਦਾ ਹੈ ਅਤੇ ਰਾਗੀ ਪ੍ਰਚਾਰਕਾਂ ਨੂੰ ਬੜੇ ਕੁਰੱਖਤ ਬੋਲ ਬੋਲੇ ਜਾਂਦੇ ਹਨ। ਇਹਨਾਂ ਦੇ ਮੁਕਾਬਲੇ ਮਸਕੀਨ ਸਾਹਿਬ ਜੀ, ਖਾਸ ਕਰਕੇ ਆਪਣੀ ਸ਼੍ਰੇਣੀ ਰਾਗੀ ਪ੍ਰਚਾਰਕਾਂ ਨਾਲ ਸਦਾ ਹੀ ਬਹੁਤ ਪਿਆਰ ਕਰਦੇ ਸਨ। ਕਈ ਕਈ ਰਾਗੀ ਜੱਥੇ ਤੇ ਪ੍ਰਚਾਰਕ ਹਮੇਸ਼ਾਂ ਹੀ ਉਹਨਾਂ ਦੇ ਨਾਲ ਰਹਿੰਦੇ ਸਨ। ਹਰ ਥਾਂ ਤੇ ਉਹਨਾਂ ਨੂੰ ਨਾਲ ਲਿਜਾ ਕੇ ਉਹਨਾਂ ਤੋਂ ਵੀ ਪ੍ਰੋਗਰਾਮ ਕਰਵਾਏ ਅਤੇ ਸਭ ਤੋਂ ਪਹਿਲੇ ਆਪ, ਸਭ ਨੂੰ ਕੀਰਤਨ ਭੇਟਾ ਦੇਣੀ, ਏਥੋਂ ਤਕ ਅਸੀਂ ਵੇਖਦੇ ਰਹੇ ਹਾਂ ਕਿ ਜਿਸ ਕਿਸੇ ਸ਼ਹਿਰ ਜਾਂ ਗੁਰਦੁਆਰੇ ਰਾਗੀ ਸਿੰਘਾਂ ਜਾਂ ਕਥਾ ਵਾਚਕਾਂ ਨੂੰ ਸੰਗਤਾਂ ਵੱਲੋਂ ਮਾਇਆ ਘੱਟ ਆਵੇ ਤਾਂ ਮਸਕੀਨ ਸਾਹਿਬ ਪ੍ਰਬੰਧਕਾਂ ਨੂੰ ਕੁਝ ਨਹੀਂ ਕਹਿੰਦੇ ਸਨ ਬਲਕਿ ਆਪਣੀ ਕਥਾ ਦੀ ਭੇਟਾ ਸਾਰੀ ਰਾਗੀ ਪ੍ਰਚਾਰਕਾਂ ਵਿਚ ਵੰਡ ਦੇਂਦ ਸਨ ਅਤੇ ਮਸਕੀਨ ਸਾਹਿਬ ਜੀ ਦੇ ਸਮਾਗਮ ਵਿਚ ਕਦੇ ਵੀ ਕਿਸੇ ਧਨੀ ਪੁਰਸ਼ ਜਾਂ ਲੀਡਰ ਨੂੰ ਨਹੀਂ ਸਨਮਾਨਿਆ ਜਾਂਦਾ॥ ਅਤੇ ਘਟੋ ਘਟ ਚਾਲੀ ਪੰਜਾਹ ਬੰਦਿਆਂ ਦਾ ਕਾਫਲਾ ਉਹਨਾਂ ਦੇ ਨਾਲ ਹਰ ਵਕਤ ਰਹਿੰਦਾ ਸੀ ਅਤੇ ਜਿਤਨੇ ਵੀ ਸੱਜਣ ਉਹਨਾਂ ਦੇ ਨਾਲ ਰਹਿੰਦੇ ਸਨ ਹਰ ਬੰਦੇ ਦੀ ਲੋੜ ਦਾ ਉਹਨਾਂ ਨੂੰ ਨਿੱਜੀ ਤੌਰ ਤੇ ਖਿਆਲ ਰਹਿੰਦਾ ਸੀ। ਅਤੇ ਹਰ ਆਦਮੀ ਏਹੀ ਸਮਝਦਾ ਸੀ ਕਿ ਮਸਕੀਨ ਸਾਹਿਬ ਸਭ ਤੋਂ ਜ਼ਿਆਦਾ ਮੇਰੇ ਨਾਲ ਹੀ ਪਿਆਰ ਕਰਦੇ ਹਨ ਅਤੇ ਮੇਰੇ ਘਰ ਦੇ ਬੰਦੇ ਹਨ। ਜਦ ਕਿ ਮਸਕੀਨ ਸਾਹਿਬ ਦਾ ਸਭ ਦੇ ਨਾਲ ਇਕੋ ਜਿਹਾ ਵਿਵਹਾਰ ਤੇ ਪਿਆਰ ਕਰਦੇ ਸਨ ਅਤੇ ਉਹਨਾਂ ਦੇ ਪਿਆਰੇ ਦੇ ਕਾਰਣ ਹੀ ਕਈ ਕਈ ਰਾਗੀ ਜੱਥੇ ਤੇ ਪ੍ਰਚਾਰਕ ਕਥਾ ਵਾਚਕ ਉਹਨਾਂ ਦੇ ਨਾਲ ਰਹਿ ਕੇ ਉਹਨਾਂ ਦੀ ਸੰਗਤ ਦਾ ਲਾਭ ਉਠਾਉਂਦੇ ਸਨ। ਉਹਨਾਂ ਦੇ ਨਾਲ ਜਿਹੜੇ ਜਿਹੜੇ ਰਾਗੀ ਜੱਥੇ ਰਹੇ ਤੇ ਕੀਰਤਨ ਕਰਦੇ, ਅਤੇ ਨਾਮੀ ਤੇ ਪ੍ਰਸਿੱਧ ਰਾਗੀ ਜਥੇ ਰਹੇ ਜਿਹਨਾਂ ਦੇ ਨਾਮ ਮੈਨੂੰ ਯਾਦ ਹਨ ਉਹਨਾਂ ਦਾ ਜ਼ਿਕਰ ਕਰਨਾ ਚਾਹਵਾਂਗਾ। ਦਾਸ ਦੇ ਰਾਗੀ ਜੱਥੇ ਤੋਂ ਇਲਾਵਾ : 1. ਅਰਵਿੰਦਰ ਪਾਲ ਸਿੰਘ ਬਾਰਾਮੁਲਾ, 2. ਕਲਿਆਣ ਸਿੰਘ ਲਖਨਊ ਵਾਲੇ, 3. ਭਾ: ਚਤਰ ਸਿੰਘ ਸਿੰਧੀ, 4. ਜਸਬੀਰ ਸਿੰਘ ਦਿੱਲੀ, 5. ਇੰਦਰਜੀਤ ਸਿੰਘ ਨੂਰ ਦਿੱਲੀ, 6. ਕੰਵਰਪਾਲ ਸਿੰਘ ਡੇਹਰਾਦੂਨ, 7. ਗੁਰਮੀਤ ਸਿੰਘ ਸਾਂਤ ਜਲੰਧਰ, 8. ਬੀ: ਅਮਰ ਜੀਤ ਕੌਰ ਦਿੱਲੀ, 9. ਹਰਜੀਤ ਕੌਰ ਜਗਾਧਰੀ, 10. ਮੀਰੀ ਪੀਰੀ ਬੱਚੀਆਂ, 11. ਭਾ. ਅਮਰੀਕ ਸਿੰਘ ਜ਼ਖਮੀ? 12. ਅਵਤਾਰ ਸਿੰਘ ਆਜਜ਼ ਜਲੰਧਰ, 13. ਹਰਨਾਮ ਸਿੰਘ ਸਿਰੀ ਨਗਰ, 14. ਭਾਈ ਭਗਵਾਨ ਸਿੰਘ ਦਿੱਲੀ, 15. ਭਾ. ਅਰਜਨ ਸਿੰਘ (ਭਾ. ਸੁਰਜਨ ਸਿੰਘ ਦੇ ਸਾਥੀ) 16. ਭਾ. ਦਵਿੰਦਰ ਸਿੰਘ ਦਿੱਲੀ, 17. ਕਰਤਾਰ ਸਿੰਘ ਕਾਨਪੁਰ, 18. ਜਸਪਾਲ ਸਿੰਘ ਜਲੰਧਰ, 19. ਅਮਰੀਕ ਸਿੰਘ ਅਲਵਰ, 20. ਬੀਬੀ ਲਮਿੰਦਰ ਕੌਰ ਜਲੰਧਰ ਅਤੇ ਹੋਰ ਵੀ ਕਈ ਰਾਗੀ ਸਿੰਘ ਜਿਹਨਾਂ ਦੇ ਨਾਮ ਮੈਨੂੰ ਯਾਦ ਨਹੀਂ ਹਨ, ਇਹ ਸਭ ਜੱਥੇ ਸਮੇਂ ਸਮੇਂ ਅਨੁਸਾਰ ਮਸਕੀਨ ਸਾਹਿਬ ਦੇ ਨਾਲ ਚਲਦੇ ਰਹੇ ਹਨ।

ਅਤੇ ਮਸਕੀਨ ਸਾਹਿਬ ਜੀ ਗੁਰਮਤਿ ਪ੍ਰਚਾਰ ਦੀ ਚਲਦੀ ਫਿਰਦੀ ਯੂਨੀਵਰਸਿਟੀ ਸਨ, ਜਿਹਨਾਂ ਪਾਸੋਂ ਅਨੇਕਾਂ ਹੀ ਕਥਾ ਵਾਚਕ ਤੇ ਪ੍ਰਚਾਰਕ ਸਿੱਖਿਆ ਲੈ ਕੇ ਪ੍ਰਚਾਰਕ ਬਣੇ। ਆਪ ਜੀ ਨੇ ਉਹਨਾਂ ਨੂੰ ਨਾਲ ਰੱਖ ਕੇ ਗੁਰਮਤਿ ਪ੍ਰਚਾਰ ਦੀ ਸਿੱਖਿਆ ਦਿੱਤੀ। ਜਿਹਨਾਂ ਵਿਚ ਗਿ: ਰਣਜੀਤ ਸਿੰਘ ਗੌਹਰ ਲੁਧਿਆਣਾ ਵਾਲੇ, ਜਿਹਨਾਂ ਨੂੰ ਮਸਕੀਨ ਸਾਹਿਬ ਜੀ ਤੋਂ ਬਾਅਦ ਪੰਥ ਨੇ ਉਹਨਾਂ ਦੀ ਥਾਂ ਤੇ ਪ੍ਰਮੁੱਖਤਾ ਦਿੱਤੀ, ਇਸ ਤੋਂ ਇਲਾਵਾ, ਗਿ: ਗੁਰਮਿੰਦਰ ਸਿੰਘ, ਗਿ: ਜਸਪਾਲ ਸਿੰਘ ਲੁਧਿਆਣਾ, ਗਿ: ਸੁਖਦੇਵ ਸਿੰਘ ਲੁਘਿਆਣਾ, ਗਿ: ਬਲਵੰਤ ਸਿੰਘ ਇਟਾਵਾ, ਗਿ: ਅਮਰੀਕ ਸਿੰਘ ਮਹਿਰਮ ਕਾਸ਼ੀਪੁਰ, ਗਿ: ਹਰਿੰਦਰ ਸਿੰਘ

ਅਵਰ, ਗਿ: ਮਹਿੰਦਰ ਸਿੰਘ ਖਾਦਿਮ ਅਲਵਰ, ਗਿ: ਜਸਵਿੰਦਰ ਸਿੰਘ ਦਰਦੀ, ਗਿ: ਅਬਿਨਾਸ਼ੀ ਸਿੰਘ ਦਿੱਲੀ, ਗਿ: ਬਲਵਿੰਦਰ ਸਿੰਘ ਕੈਨੇਡਾ, ਗਿ: ਅਨੂਪ ਸਿੰਘ ਯੂ ਕੇ, ਬੀ. ਮਨਜੀਤ ਕੌਰ ਅੰਮ੍ਰਿਤਸਰ, ਅਤੇ ਹੋਰ ਵੀ ਬਹੁਤ ਸ਼ਾਗਿਰਦ ਹਨ, ਜਿਹਨਾਂ ਦੇ ਨਾਮ ਮੈਨੂੰ ਯਾਦ ਨਹੀਂ।

ਗਿ: ਸੰਤ ਸਿੰਘ ਮਸਕੀਨ ਸਾਹਿਬ ਦੀ ਸਰੀਰਕ ਸਖਸ਼ੀਅਤ ਐਸੀ ਪ੍ਰਭਾਵਸ਼ਾਲੀ ਸੀ ਕਿ ਉਹਨਾਂ ਦੇ ਦਰਸ਼ਨ ਕਰਕੇ ਆਪ ਮੁਹਾਰੇ ਹੀ ਉਹਨਾਂ ਅੱਗੇ ਸੀਸ ਝੁਕ ਜਾਂਦਾ ਸੀ। ਇਸ ਸਮੇਂ ਦਾ ਉਹਨਾਂ ਨੂੰ ਅਵਤਾਰ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਹਸਮੁੱਖ ਚਿਹਰਾ, ਹਰ ਕਿਸੇ ਨਾਲ ਬੜੇ ਮਿੱਠੇ ਲਹਿਜੇ ਵਿਚ ਗੱਲਬਾਤ ਕਰਨੀ, ਤੇ ਸਭ ਨੂੰ ਗੁਰਮੁੱਖ ਜੀ, ਜਾਂ ਗੁਰਮੁੱਖੋ ਕਹਿ ਕੇ ਬੁਲਾਉਣਾ ਇਥੋਂ ਤਕ ਕਿ ਆਪਣੇ ਸੇਵਕਾਂ ਤੇ ਸ਼ਾਗਿਰਦਾਂ ਨੂੰ ਵੀ ਸਤਿਕਾਰ ਨਾਲ ਬੁਲਾਉਣਾ ਤੇ ਉਹਨਾਂ ਨੂੰ ਪੂਰੀ ਇੱਜ਼ਤ ਦੇਣੀ। ਸਿਰ ਤੇ ਬੱਝਵੀ ਫਬਵੀਂ ਕਾਲੀ ਦਸਤਾਰ, ਗਲ ਵਿਚ ਵਧੀਆ ਕੁੜਤਾ, ਜੈਕਿਟ, ਉੱਪਰ ਮੋਢੇ ਤੇ ਸ਼ਾਲ ਤੇ ਤੇੜ ਪਜਾਮਾ ਅਤੇ ਬੜੇ ਸਹਿਜੇ ਸਹਿਜੇ ਕਦਮਾਂ ਨਾਲ ਚਹਿਲ ਕਦਮੀਂ ਕਰਦਿਆਂ ਚੱਲਣਾ ਐਸੀ ਉਹਨਾਂ ਦੀ ਦਿੱਖ ਸੀ। ਜਿਸ ਵੀ ਸ਼ਹਿਰ ਵਿਚ ਹੋਣ ਸ਼ਾਮ ਦੇ ਸਮੇਂ ਕਿਸੇ ਖੁੱਲੇ ਪਾਰਕ ਵਿਚ ਘੰਟਾ ਕੁ ਟਹਿਲਣਾ ਤੇ ਸੈਰ ਕਰਨੀ ਇਹ ਜ਼ਰੂਰੀ ਆਦਤ ਸੀ।

ਰਾਤ ਨੂੰ ਭਾਵੇਂ ਕਿਤਨੇ ਵਜੇ ਵੀ ਕਿਤਨੇ ਵੀ ਲੇਟ ਸੌਣ, ਪਰ ਅੰਮ੍ਰਿਤ ਵੇਲੇ ਹਰ ਹਾਲਤ ਵਿਚ ਉੱਠ ਪੈਣਾ ਅਤੇ ਇਸ਼ਨਾਨ ਕਰਕੇ, ਫਿਰ ਇਕ ਕੱਪ ਚਾਹ ਪੀ ਕੇ ਨਿਤਨੇਮ ਕਰਨ ਬੈਠ ਜਾਣਾ। ਅਤੇ ਪਹਿਲੇ ਘੱਟੋ ਘੱਟ ਇਕ ਜਾਂ ਅੱਧਾ ਘੰਟਾ ਵਾਹਿਗੁਰੂ ਦਾ ਜਾਪ ਉੱਚੀ ਸੁਰ ਵਿਚ ਪ੍ਰੇਮ ਨਾਲ ਕਰਨਾ ਅਤੇ ਫਿਰ ਪੰਜਾਂ ਬਾਣੀਆਂ ਦਾ ਪਾਠ ਅਤੇ ਕੁਝ ਬੇਨਤੀ ਦੇ ਸ਼ਬਦਾਂ ਦਾ ਪਾਠ ਕਰਨਾ ਪ੍ਰੇਮ ਨਾਲ ਉੱਚੀ ਸੁਰ ਵਿਚ ਵਜਦ ਵਿਚ ਆ ਕੇ ਕਰਨਾ ਤੇ ਐਸੇ ਵਜਦ ਵਿਚ ਆ ਕੇ ਪਾਠ ਕਰਦੇ ਸਨ ਕਿ ਸੁਣਨ ਵਾਲੇ ਮੰਤਰ ਮੁਗਧ ਹੋ ਕੇ ਜੁੜ ਜਾਂਦੇ ਸਨ। ਸਰੋਤਿਆਂ ਦਾ ਮਨ ਕਰਦਾ ਸੀ ਕਿ ਇਹ ਪਾਠ ਕਰੀ ਜਾਣ ਤੇ ਅਸੀਂ ਸੁਣਦੇ ਰਹੀਏ।

ਦੁਨੀਆਂ ਵਿਚ ਸੰਤ ਦੇ ਨਾਮ ਤੇ ਸੰਤ ਤਾਂ ਬਹੁਤ ਹਨ। ਜੋ ਕਿ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ ਤੇ ਲੋਕ ਉਹਨਾਂ ਨੂੰ ਸੰਤ ਮੰਨ ਕੇ ਮੱਥਾ ਵੀ ਟੇਕਦੇ ਹਨ। ਪਰ ਅਸਲ ਜੀਵਨ ਵਿਚ ਉਹ ਸੰਤਗੀਰੀ ਦੇ ਨੇੜੇ ਵੀ ਨਹੀਂ ਹੁੰਦੇ। ਸਿਰਫ ਨਾਮ ਦੇ ਹੀ ਸੰਤ ਹੁੰਦੇ ਹਨ। ਪਰ ਸੰਤ ਦੀ ਜੋ ਪਹਿਚਾਣ ਗੁਰਬਾਣੀ ਵਿਚ ਲਿਖੀ ਹੈ, ਉਸ ਤੇ ਉਹ ਪੂਰੇ ਨਹੀਂ ਉੱਤਰਦੇ। ਪਰ ਗਿਆਨੀ ਸੰਤ ਸਿੰਘ ਮਸਕੀਨ ਜੀ, ਜੋ ਸੰਤ ਦੀ ਡੈਫੀਨੇਸ਼ਨ ਗੁਰਬਾਣੀ ਵਿਚ ਲਿਖੀ ਹੈ, ਉਸ ਦੇ ਇਕ ਇੱਕ ਅੱਖਰ ਤੇ ਪੂਰੇ ਉੱਤਰਦੇ ਹਨ। ਪਰ ਸੰਤ ਹੁੰਦੇ ਹੋਏ ਵੀ ਉਹਨਾਂ ਨੇ ਕਦੇ ਆਪਣੇ ਆਪ ਨੂੰ ਸੰਤ ਨਹੀਂ ਅਖਵਾਇਆ। ਇਹ ਗੱਲ ਵੱਖਰੀ ਹੈ ਕਿ ਉਹਨਾਂ ਦਾ ਨਾਮ ਹੀ ਸੰਤ ਸਿੰਘ ਜੀ, ਉਹ ਗਿਆਨੀ ਵੀ ਸਨ, ਸੰਤ ਵੀ ਸਨ, ਤੇ ਸਿੰਘ ਵੀ ਸਨ ਅਤੇ ਮਸਕੀਨ ਵੀ ਸਨ (ਨਿਰਮਾਣ) ਵੀ ਸਨ।

ਆਪ ਜੀ ਨਾਲ ਮੇਰਾ ਸੰਪਰਕ ਸੰਨ 1972 ਵਿਚ ਮੇਰਠ ਵਿਖੇ ਹੋਇਆ ਸੀ ਅਤੇ ਉਦੋਂ ਤੋਂ ਲੈ ਕੇ ਸੰਨ 2005 ਤਕ ਆਪ ਜੀ ਦੀ ਸੰਗਤ ਵਿਚ ਅਸੀਂ ਤਕਰੀਬਨ 33 ਸਾਲ ਉਹਨਾਂ ਦੀ ਸੇਵਾ ਵਿਚ ਹੀ ਦਾਸ ਨੇ ਬਿਤਾਏ ਅਤੇ ਉਹਨਾਂ ਨਾਲ ਤੇ ਉਹਨਾਂ ਦੀ ਕਿਰਪਾ ਸਦਕਾ ਦਾਸ ਨੇ ਹਿੰਦੁਸਤਾਨ ਦਾ ਹਰ ਵੱਡਾ ਤੇ ਛੋਟਾ ਸ਼ਹਿਰ ਵੇਖਿਆ ਤੇ ਭਾਰਤ ਦੀ ਹਰ ਸਟੇਟ ਵਿਚ ਜਾ ਕੇ ਕੀਰਤਨ ਤੇ ਪ੍ਰੋਗਰਾਮ ਦਿੱਤੇ, ਅਤੇ ਵਿਦੇਸ਼ਾਂ ਵਿਚ ਵੀ, ਥਾਈਲੈਂਡ 5 ਵਾਰ, ਮਲੇਸ਼ੀਆ 2 ਵਾਰ, ਸਿੰਘਾਪੁਰ 3 ਵਾਰ, ਨਿਪਾਲ, ਡੁਬਈ 3 ਵਾਰ, ਮਸਕਟ, ਜਾਰਡਨ, ਆਸਟਰੀਆ 3 ਵਾਰ, ਜਰਮਨ 4 ਵਾਰ, ਹਾਲੈਂਡ 4 ਵਾਰ, ਸਵਿਟਜ਼ਰਲੈਂਡ, ਬੈਲਜੀਅਮ 2 ਵਾਰ, ਪੈਰਿਸ 4 ਵਾਰ, ਇੰਗਲੈਂਡ 3 ਵਾਰ, ਅਮਰੀਕਾ 2 ਵਾਰ, ਮਾਸਕੋ, ਬੰਗਲਾਦੇਸ਼, ਦੇਸ਼ਾਂ ਦੀ ਸੈਰ ਕੀਤੀ ਅਤੇ ਕੀਰਤਨ ਦੇ ਪ੍ਰੋਗਰਾਮ ਦਿੱਤੇ। ਅਤੇ ਉਹਨਾਂ ਦੇ ਨਾਲ ਰਹਿ ਕੇ ਉਹਨਾਂ ਦੀ ਕਥਾ ਸੁਣ ਸੁਣ ਕੇ ਸਾਨੂੰ ਵੀ ਕਥਾ ਕਰਨੀ ਆ ਗਈ ਅਤੇ ਉਹਨਾਂ ਦੇ ਜੀਵਨ ਨੂੰ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲਿਆ। ਆਪ ਜੀ ਜਦੋਂ ਮੂਡ ਵਿਚ ਹੁੰਦੇ ਸਨ ਤਾਂ ਖੁਸ਼ੀ ਵਿਚ ਆ ਕੇ ਇਹ ਕਹਿੰਦੇ ਸਨ , ਕਿ ਜਿਸ ਤਰ੍ਹਾਂ ਅਕਸਰ ਦੇ ਨੌ ਰਤਨ ਸਨ, ਇਸੇ ਤਰ੍ਹਾਂ ਭਾ. ਕਰਮ ਸਿੰਘ ਵੀ ਸਾਡਾ ਇਕ ਰਤਨ ਹੈ।

ਮਸਕੀਨ ਸਾਹਿਬ ਜੀ ਨੇ ਪਿਛਲੇ 50 ਸਾਲਾਂ ਵਿਚ ਗੁਰਮਤ ਪ੍ਰਚਾਰ ਲਈ ਦੇਸ਼ ਵਿਦੇਸ਼ਾਂ ਦਾ ਜਿੰਨਾ ਭਰਮਣ ਕੀਤਾ, ਸ਼ਾਇਦ ਹੀ ਕਿਸੇ ਹੋਰਦੇ ਹਿੱਸੇ ਆਇਆ ਹੋਵੇ, ਸੰਸਾਰ ਵਿਚ ਪਰਮਣ ਕਰਦਿਆਂ ਜਿੱਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਰਹਿੰਦੀਆਂ ਸਨ, ਉਥੇ ਪੁੱਜ ਕੇ ਗੁਰੂ ਨਾਨਕ ਦਾ ਸੰਦੇਸ਼ ਉਹਨਾਂ ਤਕ ਪਹੁੰਚਾਇਆ, ਅਤੇ ਆਪ ਜੀ ਅਫਗਾਨਿਸਤਾਨ, ਆਸਟ੍ਰੇਲੀਆ, ਆਸਟਰੀਆ,

ਅਮਰੀਕਾ, ਈਰਾਨ, ਈਰਾਕ, ਸਿੰਘਾਪੁਰ, ਸਵੀਡਨ, ਸਵਿਟਜ਼ਰਲੈਂਡ, ਹਾਂਗਕਾਂਗ, ਹੌਲੈਂਡ, ਕੁਵੈਤ, ਕਤਰ, ਕੀਨੀਆ, ਕੈਨੇਡਾ ਦੀਆਂ ਸਾਰੀਆਂ ਸਟੇਟਾਂ, ਜਾਪਾਨ, ਜਰਮਨੀ, ਡੁਬਈ, ਡੈਨਮਾਰਕ, ਤਨਜਾਨੀਆਂ, ਥਾਈਲੈਂਡ, ਨੈਰੋਬੀ, ਨਿਊਜ਼ੀਲੈਂਡ, ਨੀਦਰਲੈਂਡ, ਪਾਕਿਸਤਾਨ, ਫਿਜੀ, ਫਿਲਪਾਈਨ, ਫਰਾਂਸ, ਬਹਿਰੀਨ, ਬੈਲਜੀਅਮ, ਮਲੇਸ਼ੀਆ,ਯੁਗਾਂਡਾ, ਇੰਗਲੈਂਡ ਵਿਚ ਗਏ ਅਤੇ ਭਾਰਤ ਦੇ ਤਕਰਬੀਨ ਹਰ ਸ਼ਹਿਰ ਵਿਚ ਗਏ ਭਾਰਤ ਵਿਚ ਹਰ ਸਾਲ ਉਹਨਾਂ ਵੱਲੋਂ ਵੱਡੇ ਵੱਡੇ ਗੁਰਮਤਿ ਸਮਾਗਮ ਕਰਵਾਏ ਜਾਂਦੇ, ਜਿੱਥੇ ਤਖਤ ਸਾਹਬਾਂ ਦੇ ਜੱਥੇਦਾਰ ਵੀ ਪੰਜ ਪਿਆਰਿਆਂ ਸਮੇਤ ਸ਼ਾਮਲ ਹੁੰਦੇ।

ਕਮਾਲ ਦੀ ਗੱਲ ਇਹ ਹੈ ਕਿ ਮਸਕੀਨ ਸਾਹਿਬ ਨੇ ਕਦੇ ਵੀ ਕਿਸੇ ਨੂੰ ਆਪ ਅੰਮ੍ਰਿਤ ਛਕਣ ਲਈ ਕੰਪੈਲ ਨਹੀਂ ਕੀਤਾ। ਪਰ ਉਹਨਾਂ ਦੀ ਕਥਾ ਦਾ ਹੀ ਇਤਨਾ ਪ੍ਰਭਾਵ ਸੀ ਕਿ ਉਹਨਾਂ ਦੀ ਕਥਾ ਸੁਣ ਕੇ ਤੇ ਕੈਸਟਾਂ ਸੁਣਕੇ ਹੀ ਵਿਦੇਸ਼ਾਂ ਵਿਚ ਕਈ ਮੁਸਲਮਾਨ ਤੇ ਈਸਾਈਆਂ ਨੇ ਆਪੇ ਹੀ ਅੰਮ੍ਰਿਤ ਛਕ ਕੇ ਸਿੱਖ ਧਰਮ ਧਾਰਨ ਕਰ ਲਿਆ ਸੀ। ਅਸੀਂ ਮਹਾਨੀ ਸ਼ਖਸੀਅਤ ਨੂੰ ਦਾਸ ਆਪਣੇ ਵੱਲੋਂ ਉਹਨਾਂ ਦੀ ਬਰਸੀ ਤੇ ਸੱਚੀ ਭਾਵਨਾ ਨਾਲ ਸ਼ਰਧਾਂਜਲੀ ਅਰਪਨ ਕਰਦਾ ਹੈ।


425, ਸਿਰਮਨ ਨਿਵਾਸ,
ਗਲੀ ਨੰ: 1, ਨਿਊ ਬਸੰਤ ਵਿਹਾਰ,
ਕਾਕੋਵਾਲ ਰੋਡ, ਲੁਧਿਆਣਾ-141008
ਫੋਨ : 01612633515, ਮੋ: 9463244912



ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

In the month of Chayt, the lovely spring has come, and the bumble bees hum with joy.

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥

The forest is blossoming in front of my door; if only my Beloved would return to my home!

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥

If her Husband Lord does not return home, how can the soul-bride find peace? Her body is wasting away with the sorrow of separation.

ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥

The beautiful song-bird sings, perched on the mango tree; but how can I endure the pain in the depths of my being?

ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥

The bumble bee is buzzing around the flowering branches; but how can I survive? I am dying, O my mother!

ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੫॥

O Nanak, in Chayt, peace is easily obtained, if the soul-bride obtains the Lord as her Husband, within the home of her own heart. ||5||

*With best compliments from a wellwisher*

# ਰਬਾਬੀ ਕੀਰਤਨੀਏ ਭਾਈ ਚਾਂਦ ਜੀ

## ਭਾਈ ਅਵਤਾਰ ਸਿੰਘ ਹੰਸ

ਭਾਈ ਸਾਹਿਬ ਭਾਈ ਚਾਂਦ ਜੀ ਦਾ ਗੁਰਮਤਿ ਸੰਗੀਤ ਖੇਤਰ ਵਿਚ ਉਚੇਰਾ ਸਥਾਨ ਹੈ। ਰਾਗਦਾਰੀ ਵਿਚ ਪਕੇਰੀ ਪਕੜ, ਸੂਖਮ ਸੂਝ, ਬੰਦਸ਼ਾਂ ਦਾ ਭੰਡਾਰ, ਵਿਭਿੰਨ ਵਿਭਿੰਨ ਗਾਇਨ ਸ਼ੈਲੀਆਂ ਵਿਚ ਗਾਇਨ, ਸ਼ਬਦ ਵਿਚੋਂ ਢੁਕਵੇਂ ਪ੍ਰਮਾਣਾਂ ਦੀ ਵਿਸ਼ਾਲ ਸਮਝ ਭਾਈ ਚਾਂਦ ਦੀ ਗਾਇਕੀ ਦੇ ਪ੍ਰਮੁੱਖ ਗੁਣ ਸਨ। ਭਾਈ ਚਾਂਦ ਨੂੰ ਰਬਾਬੀ ਪ੍ਰੰਪਰਾ ਦੇ ਆਖਰੀ ਥੰਮ ਮੰਨਿਆ ਜਾਂਦਾ ਹੈ।

1947 ਤੱਕ ਆਪ ਜੀ ਨੇ ਸਤਖੰਡ ਸ੍ਰੀ ਹਰਮਿੰਦਰ ਸਾਹਿਬ ਵਿਖੇ ਕੀਰਤਨ ਸੇਵਾ ਨਿਵਾਹੀ। ਭਾਈ ਚਾਂਦ ਜੀ ਦਾ ਜਨਮ 1910 ਦੇ ਕਰੀਬ ਭਾਈ ਬੁੱਢਾ ਜੀ ਰਬਾਬੀ ਦੇ ਘਰ ਪਿੰਡ ਮਨਾਵਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬੀਬੀ ਰੱਜੋ ਦੀ ਕੁੱਖੋਂ ਹੋਇਆ। ਇਹਨਾਂ ਦਾ ਪਿੱਛਾ ਸਤਲਾਣੀ ਪਿੰਡ ਦਾ ਸੀ। ਪਿਤਾ ਭਾਈ ਬੁੱਢਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਬਾਬੀ ਭਾਈ ਸੱਦੂ ਭਾਈ ਸੱਦੂ ਜੀ ਦੀ ਵੰਸ ਵਿਚੋਂ ਸਨ। ਇਹਨਾਂ ਦੀ ਕੁਲ ਪਿੱਛੋਂ ਭਾਈ ਮਰਦਾਨਾ ਜੀ ਨਾਲ ਮਿਲਦੀ ਸੀ।

ਭਾਈ ਚਾਂਦ ਜੀ ਨੂੰ ਕੀਰਤਨ ਦੀ ਲਗਨ ਵਿਰਸੇ ਵਿਚੋਂ ਹੀ ਮਿਲੀ ਪਿਤਾ ਜੀ ਕੀਰਤਨ ਦੀ ਡੂੰਘੀ ਜਾਣਕਾਰੀ ਰੱਖਦੇ ਸਨ। ਕਹਿੰਦੇ ਹਨ ਕਿ ਭਾਈ ਬੁੱਢਾ ਜੀ ਨੂੰ ਗੁਰਬਾਣੀ ਤੋਂ ਇਲਾਵਾ ਸੂਰਜ ਪ੍ਰਕਾਸ਼ ਗ੍ਰੰਥ ਵੀ ਕੰਠ ਸੀ। ਭਾਈ ਚਾਂਦੀ ਜੀ ਹਾਲੇ ਸੱਤ ਸਾਲ ਦੇ ਸਨ ਜਦੋਂ ਇਹਨਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਬਾਲ ਅਵਸਥਾ ਵਿਚ ਹੀ ਆਪ ਨੇ ਆਪਣੇ ਤਾਇਆ ਭਾਈ ਸੁੰਦਰ ਜੀ ਤੋਂ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ ਤੇ ਤਬਲਾ ਸਿੱਖਿਆ। ਗੁਰਮਤਿ ਸੰਗੀਤ ਦੀ ਪ੍ਰਾਪਤੀ ਆਪ ਜੀ ਨੇ ਪ੍ਰਸਿੱਧ ਰਬਾਬੀ ਭਾਈ ਲਾਲ ਜੀ ਅਤੇ ਪ੍ਰਸਿੱਧ ਰਬਾਬੀ ਭਾਈ ਸਾਈਂ ਦਿੱਤਾ ਜੀ ਪਾਸੋਂ ਪ੍ਰਾਪਤ ਕੀਤੀ। ਸਿੱਖਣ ਪਿੱਛੋਂ ਕਈ ਸਾਲ ਆਪ ਨੇ ਭਾਈ ਲਾਲ ਜੀ ਨਾਲ ਤਬਲੇ ਤੇ ਸੰਗਤ ਕੀਤੀ। ਫਿਰ ਉਹਨਾਂ ਦੀ ਆਗਿਆ ਲੈ ਕੇ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਕੀਰਤਨ ਸੇਵਾ ਸ਼ੁਰੂ ਕੀਤੀ। 29 ਸਾਲ ਦੀ ਉਮਰ ਵਿਚ ਭਾਈ ਚਾਂਦ ਜੀ ਦੀ ਸ਼ਾਦੀ ਹੋਈ।

ਇਹਨਾਂ ਦਿਨਾਂ ਵਿਚ ਆਪ ਜੀ ਦੀ ਨਿਯੁਕਤੀ ਬਤੌਰ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੋਈ। ਇਹਨਾਂ ਦੇ ਜੱਥੇ ਵਿਚ ਤਬਲਾਵਾਦਕ ਇਹਨਾਂ ਦਾ ਛੋਟਾ ਭਾਈ ਸੋਮਾ ਅਤੇ ਭਾਈ ਚਾਨਣ ਜੀ ਸਹਾਇਕ ਦੇ ਤੌਰ ਤੇ ਸਾਥ ਦਿੰਦੇ ਸਨ। ਭਾਈ ਸੋਮਾ ਜੀ ਦੀ ਕਾਰ ਹਾਦਸੇ ਵਿਚ ਮਿਤ੍ਰੂ ਹੋ ਜਾਣ ਕਾਰਨ ਪਿੱਛੋਂ ਭਾਈ ਸਾਈਂ ਜੀ ਤਬਲੇ ਤੇ ਸਾਥ ਦਿੰਦੇ ਰਹੇ।

ਕਦੇ ਕਦੇ ਭਾਈ ਤਾਬਾ ਜੀ ਪ੍ਰਸਿੱਧ ਰਬਾਬੀ ਵੀ ਇਹਨਾਂ ਨਾਲ ਬੈਠਕੇ ਕੀਰਤਨ ਵਿਚ ਸਾਥ ਦਿੰਦੇ। ਭਾਈ ਚਾਂਦ ਜੀ ਦੀ ਆਵਾਜ਼ ਬਹੁਤ ਹੀ ਬੁਲੰਦ ਤੇ ਸੁਰੀਲੀ ਸੀ। ਇਹਨਾਂ ਦੇ ਕੀਰਤਨ ਵਿਚ ਕਵਾਲੀ ਅੰਗ ਦੀ ਝਲਕ ਸਾਫ ਦਿਖਾਈ ਦਿੰਦੀ ਸੀ। ਭਾਈ ਸਾਹਿਬ ਨੂੰ ਗੁਰਬਾਣੀ ਬਹੁਤ ਕੰਠ ਸੀ। ਇਕ ਇਕ ਸ਼ਬਦ ਵਿਚ ਘੰਟਿਆਂਬੱਧੀ ਢੁਕਵੇਂ ਪ੍ਰਮਾਣ ਦਿੰਦੇ ਰਹਿੰਦੇ। ਸ੍ਰੀ ਦਰਬਾਰ ਸਾਹਿਬ ਵਿਖੇ ਘੰਟਿਆਂਬੱਧੀ ਸੰਗਤ ਆਪ ਜੀ ਦਾ ਰਸਭਿੰਨਾ ਕੀਰਤਨ ਸਰਵਨ ਕਰਦੀ। ਭਾਈ ਸਾਹਿਬ ਜੀ ਸ਼ਬਦ ਦੇ ਅੰਤਰੀਵੀ ਭਾਵ ਨੂੰ ਸਰੋਤਿਆਂ ਦੇ ਮਨ ਵਿਚ ਪ੍ਰਮਾਣਾਂ ਸਹਿਤ ਪੂਰਨ ਰੂਪ ਵਿਚ ਸਪੱਸ਼ਟ ਕਰਨ ਦੇ ਸਮਰੱਥ ਸਨ। ਪ੍ਰਮਾਣਾਂ ਦੁਆਰਾ ਹੀ ਗੁਰਮਤਿ ਸਿਧਾਂਤ ਤੇ ਗੁਰਬਾਣੀ ਦੇ ਅਰਥਾਂ ਦੀ ਵਿਆਖਿਆ ਕਰ ਦਿੰਦੇ ਸਨ। ਸੰਗਤਾਂ ਵੱਲੋਂ ਆਪ ਜੀ ਦੇ ਕੀਰਤਨ ਤੋਂ ਖੁਸ਼ ਹੋ ਕੇ ਆਪ ਨੂੰ ਸ਼ਬਦ ਰਤਨ ਦੀ ਉਪਾਧੀ ਬਖਸ਼ਿਸ਼ ਕੀਤੀ। 1947 ਦੀਆਂ ਘਟਨਾਵਾਂ ਦਾ ਇਹਨਾਂ ਦੇ ਮਨ ਨੂੰ ਬਹੁਤ ਦੁੱਖ ਹੋਇਆ। ਸ੍ਰੀ ਹਰਿਮੰਦਰ ਸਾਹਿਬ ਗੁਰਦੁਆਰਾ ਵਿਖੇ ਆਖਰੀ ਵੇਰ ਆਪ ਜੀ ਨੇ ਸ਼ਬਦ ਕਬੀਰ ਕੂਕਰ ਹਾਮ ਕੋ, ਮੂਤੀਆ ਮੇਰੋ ਨਾਉ॥ ਸ਼ਬਦ ਦਾ ਗਾਇਨ ਬੜੀ ਭਾਵੁਕਤਾ ਨਾਲ ਕੀਤਾ। ਕਹਿੰਦੇ ਹਨ ਉਸ ਵਕਤ ਕਿਹੜੀ ਅੱਖ ਸੀ ਜਿਸਨੇ ਅੱਥਰੂ ਨਾ ਵਹਾਏ ਹੋਣ। ਉਨੀ ਦਿਨੀ ਆਪ ਜੀ ਲਾਇਲਪੁਰ ਵਿਖੇ ਸः ਫੌਜਾ ਸਿੰਘ ਦੇ ਘਰ ਕੀਰਤਨ ਕਰਨ ਗਏ ਹੋਏ ਸਨ। ਉਥੋਂ ਵਾਪਸ ਆਏ ਤਾਂ ਪਤਾ ਲੱਗਿਆ ਕਿ ਸ਼ਹਿਰ ਵਿਚ ਕਰਫਿਊ ਲੱਗ ਚੁੱਕਾ ਹੈ, ਤਾਂ ਆਪ ਆਪਣੇ ਪਿੰਡ ਮਨਾਵਾਂ ਵਿਖੇ ਚਲੇ ਗਏ। ਦੂਜੇ ਦਿਨ ਜਦ

ਇਕ ਘੰਟੇ ਲਈ ਕਰਫਿਊ ਖੁੱਲ੍ਹਿਆ ਤਾਂ ਆਪ ਸ੍ਰੀ ਅੰਮ੍ਰਿਤਸਰ ਤੋਂ ਆਪਣੇ ਪਰਿਵਾਰ ਨੂੰ ਪਿੰਡ ਮਨਾਵਾਂ ਲੈ ਆਏ। ਕੁਝ ਦਿਨਾਂ ਬਾਅਦ ਆਪ ਪਰਿਵਾਰ ਸਮੇਤ ਲਾਹੌਰ ਪਾਕਿਸਤਾਨ ਚਲੇ ਗਏ।

ਪਾਕਿਸਤਾਨ ਦੇ ਮੁੱਖ ਮੰਤਰੀ ਨੂੰ ਮਿਲ ਕੇ ਭਾਈ ਚਾਂਦ ਜੀ ਨੇ ਮੰਗ ਕੀਤੀ ਕਿ ਮੈਂ ਸਾਰੀ ਉਮਰ ਸਿੱਖਾਂ ਦੇ ਸਭ ਤੋਂ ਵੱਡੇ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦਾ ਰਿਹਾ ਹਾਂ, ਉਥੋਂ ਦਾ ਮੈਂ ਹਜ਼ੂਰੀ ਰਾਗੀ ਸਾਂ। ਉਥੇ ਮੈਨੂੰ ਸਰਬੋਤਮ ਗਵੱਈਆ ਮੰਨਦੇ ਇਸ ਲਈ ਮੈਨੂੰ ਘੱਟ ਤੋਂ ਘੱਟ ਪੰਜ ਮੁਰੱਬੇ ਜ਼ਮੀਨ ਦਿੱਤੀ ਜਾਵੇ, ਤਾਂ ਜੋ ਮੇਰਾ ਜੀਵਨ ਨਿਰਬਾਹ ਹੁੰਦਾ ਰਹੇ। ਅੱਗੋਂ ਮੁੱਖ ਮੰਤਰੀ ਨੇ ਉੱਤਰ ਦਿੱਤਾ ਜਕਿ ਜੇਕਰ ਤੁਸੀਂ ਸਿੱਖਾਂ ਦੇ ਗੁਰਦੁਆਰੇ ਵਿਚ ਰਹੇ ਹੋ ਤਾਂ ਫਿਰ ਸਾਨੂੰ ਤੁਹਾਡੇ ਮੁਸਲਮਾਨ ਹੋਣ ਤੇ ਵੀ ਸ਼ੱਕ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਏਕ ਦੂਜ ਦਾ ਕਿਤੇ ਵੀ ਕੋਈ ਨਿਰਣਾ ਨਹੀਂ, ਗੁਰੂ ਸਾਹਿਬ ਦੇ ਖਿਆਲ ਅਨੁਸਾਰ ਰਾਮ ਰਹੀਮ ਸਭ ਇਕ ਹੀ ਹਨ। ਮੁੱਖ ਮੰਤਰੀ ਕਹਿਣ ਲੱਗੇ ਚਲੋਂ ਏਦਾਂ ਹੀ ਹੋਵੇਗਾ। ਤਾਂ ਫਿਰ ਪਹਿਲਾਂ ਤੁਹਾਡੀ ਪਰਖ ਹੋਵੇਗੀ, ਜੇ ਸੱਚੇ ਮੁਸਲਮਾਨ ਹੋ ਤਾਂ ਛੇ ਮਹੀਨੇ ਕਿਸੇ ਮਸੀਤ ਵਿਚ ਝਾੜੂ ਦੇਵੋ।

ਭਾਈ ਚਾਂਦ ਦੇ ਦਿਲ ਨੂੰ ਬਹੁਤ ਧੱਕਾ ਲੱਗਾ ਕਿ ਅੱਜ ਮੁਸਲਮਾਨ ਹੋਣ ਤੇ ਵੀ ਸ਼ੱਕ ਕੀਤਾ ਜਾ ਰਿਹਾ ਹੈ। ਰੋਜ਼ੀ ਰੋਟੀ ਲਈ ਆਪ ਨੇ ਆਪਣੇ ਬੇਟੇ ਨੂੰ ਛੋਟੀ ਜਿਹੀ ਦੁਕਾਨ ਪਾ ਕੇ ਦਿੱਤੀ ਤੇ ਆਪ ਭਾਈ ਚਾਂਦ ਅਖੀਰਲੀ ਉਮਰ ਵਿਚ ਗੰਡੇਰੀਆਂ ਦੀ ਰੇਹੜੀ ਲਾਉਂਦੇ ਰਹੇ। ਗੁਰੂ ਦਾ ਕੀਰਤਨੀਆ ਜਿਸ ਦੀ ਆਵਾਜ਼ ਵਿਚ ਕਦੇ ਐਨਾ ਜਾਦੂ ਸੀ ਕਿ ਉਸ ਤੋਂ ਪ੍ਰਭਾਵਿਤ ਹੋ ਕੇ ਸੁਆਣੀਆਂ ਕਦੇ ਕਦੇ ਆਪਣੇ ਗਲੇ ਦੇ ਗਹਿਣੇ ਵੀ ਲਾਹ ਕੇ ਉਸ ਦੇ ਕਦਮਾਂ ਵਿਚ ਰੱਖ ਦਿੱਦੀਆਂ ਸਨ ਅੱਜ ਵਿਚਾਰਾ ਰੋਟੀ ਤੋਂ ਆਤੁਰ ਸੀ।

ਭਾਈ ਚਾਂਦ ਆਪਣੀ ਔਲਾਦ ਦੇ ਦੁਖ ਨੂੰ ਦੇਖ ਕੇ ਬੜੇ ਪਰੇਸ਼ਾਨ ਰਹਿੰਦੇ ਸਨ। ਆਖਰੀ ਦਿਨਾਂ ਵਿਚ ਉਹਨਾਂ ਨੂੰ ਕਿਸੇ ਨੇ ਹੱਸਦਿਆਂ ਨਹੀਂ ਤੱਕਿਆ। ਸਮੇਂ ਦੇ ਦਿੱਤੇ ਝੱਖੜਾਂ ਦੇ ਝੋਰੇ ਦੁਆਰਾ ਆਪ ਨੂੰ ਟਾਈਫਾਇਡ (ਬੁਖਾਰ) ਰਹਿਣ ਲੱਗ ਪਿਆ ਜੋ ਬਾਅਦ ਵਿਚ ਟੀ. ਬੀ. ਦੇ ਭਿਆਨਕ ਰੂਪ ਵਿਚ ਬਦਲ ਗਿਆ। ਅਖੀਰ ਭਾਈ ਚਾਂਦੀ 22 ਜੂਨ 1949 ਵਿਚ ਸ਼ਾਮ ਦੇ ਛੇ ਵਜੇ ਇਸ ਨਾਸ਼ਵਾਨ ਸੰਸਾਰ ਤੋਂ ਕੂਚ ਕਰ ਗਏ। ਇਹਨਾਂ ਦੇ ਭਤੀਜੇ ਭਾਈ ਗੁਲਾਮ ਮੁਹੰਮਦ ਚਾਂਦ ਅੱਜ ਕੱਲ ਕੀਰਤਨ ਕਰਦੇ ਹਨ। ਕਦੀ ਕਦੀ ਪੰਜਾਬ ਵਿਚ ਆ ਕੇ ਕੀਰਤਨ ਕਰਦੇ ਹਨ। ਜਿਸ ਤਰ੍ਹਾਂ ਅੰਮ੍ਰਿਤ ਕੀਰਤਨ ਦੇ ਪਿਛਲੇ ਅੰਕ ਵਿਚ ਡਾ. ਜਾਗੀਰ ਸਿੰਘ ਜੀ ਨੇ ਇਕ ਪ੍ਰੌੜ ਕੀਰਤਨੀਏ ਬਾਰੇ ਦੱਸਿਆ ਸੀ। ਡਾ. ਸਾਹਿਬ ਜੀ ਦਾ ਬਹੁਤ ਵਧੀਆ ਸੁਝਾਅ ਹੈ ਕਿ ਅਜਿਹੇ ਬਜ਼ੁਰਗ ਕੀਰਤਨੀਆਂ ਤੋਂ ਲਾਹਾ ਲਿਆ ਜਾਵੇ। ਜੀਵਨ ਨਿਰਬਾਹ ਦੇ ਕੇ ਕੀਰਤਨ ਸਿਲਖਾਈ ਪ੍ਰਾਪਤ ਕੀਤੀ ਜਾਵੇ। ਤੇ ਇਸ ਨਾਲ ਇਹੋ ਜਿਹੇ ਕੀਰਤਨੀਏ ਅੱਜੋਕੇ ਯੁਗ ਵਿਚ ਆਪਣੇ ਆਪ ਨੂੰ ਫਾਲਤੂ ਚੀਜ਼ ਮਹਿਸੂਸ ਨਹੀਂ ਕਰਨਗੇ।

**ਪ੍ਰੋ: ਗੁਰਮਤਿ ਸੰਗੀਤ ਵਿੱਦਿਆਲਯ,**
**ਮਸਤੂਆਣਾ ਸਾਹਿਬ, ਸੰਗਰੂਰ**
**ਮੋਬਾ :** 09814554105

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# सूर की रचनाओं में सांगीतिक पक्ष : ''सूर सागर'' के सन्दर्भ में

**राजेश शर्मा**

भारत के इतिहास की तरफ दृष्टिपात करें तो मधय काल हमारे समक्ष एक ऐसा महत्वपूर्ण काल बनकर स्पष्ट होता है जिसे भक्ति आन्दोलन काल अथवा भक्ति का सुनहरा काल कहा जा सकता है। इसी काल मे भिन्न-भिन्न धार्म सम्प्रदाय के संत कवियों के, चाहे वे सगुण या निर्गुण, किसी भी मत के प्रचारक हो, ने कई धाार्मिक रचनाओं द्वारा सामाजिक अस्त व्यस्त ढांचे को एक पुनीत व सुदृढ़ मार्ग प्रदान किया। इसी मधय काल के पुष्टिमार्गीय सम्प्रदाय में अष्टछाप के भक्त कवियों को विशेष महत्व है। इस अष्टछाप के भक्त कवियों में भक्त शिरोमणी कवि सूरदास जी का स्थान सर्वप्रथम एवं सर्वश्रेष्ठ पद पर है।

वास्तव में अष्टछाप शब्द का प्रसंग ब्रज भाषा के महान आठ कवियों के लिए किया गया है। ''उनके नाम इस प्रकार हैं। सूरदास जी, परमानन्द दास, कुम्भनदास, कृष्णनदास, अधिकारी नन्ददास, चर्तुभुजदास, गोविन्दस्वामी दास और छीतस्वामी। इनमें से प्रथम चार श्री वल्लभाचार्य जी के शिष्य थे एवं अन्तिम चार आचार्य जी के उत्तराधिकारी श्री गोस्वामी विटठलनाथ जी के शिष्य थे।[1]

सूरदास जी ने अपने आराधय ईष्ट भगवान श्री कृष्ण की समस्त लीलाओं को पद के रूप में सांगीतिक रूप प्रदान करके समस्त जगत को भक्तिमय एवं नैतिकता का पाठ पढ़ाया। सूरदास जी की पदावलीयों में इनके साहित्य, संगीत, दर्शनशास्त्र एवं सौन्दर्यशास्त्र के ज्ञान का वर्णन सहज ही मिलता है।

पदों में रागों, तालों, वाद्यों, नृत्य मुद्राओं हस्तक भेद आदि भाषा में उचित छन्द, अलंकारों का प्रयोग तथा भावानुकूल शब्दावली का प्रयोग और भक्ति की श्रेष्ठ साधाना, भक्ति के अंग, साधाना का महत्व तथा ईश्वर भक्ति से प्राप्त असीम आनन्द का संकेत कृष्ण की लीलाओं का तथा यौवन लीलाओं के चित्रण में रसानुकूल स्थिति का निर्माण और इसके हेतु संगीत और साहित्य के उचित अंगों का समावेश आदि सीाी केन्द्र सूरदास जी की वि)ता का भली भांति परिचय देते हैं।[2]

**सूरदास जी का जन्म –** इनके जन्म के विषय में कई मत हैं। कुछ 1535-1642 मानते हैं। कुछ 1540-1620 मानते हैं। ''एक मतानुसार सूर जी वल्लभ जी से मात्र 10 दिन छोटे थे और वल्लभ जी का जन्म 1535 संवत् सर्वमाननीय है। इस आधाार पर सूर जी के जन्म को 1535 संवत् को मानना अति उचित है।''[3]

**सूरदास जी का जन्म स्थान –** इनके जन्म स्थान के विषय में चार स्थानों की मान्यता है : गोपाचल, मथुरा प्रान्त में कोई ग्राम, रूनकता, सीही''[4]

''स्वर्गीय डा. पीताम्बर ने ग्वालीयर का नाम गोपाचल सि) किया है और इसे ही सूर की जन्म स्थली माना है।''[5]

''कुछ विद्वानों ने गऊघाट को गोपाचल मानते हुए इसे सूर जी जन्म भूमि कहा है।''[6]

''पंडित रामचन्द्र शुक्ल के अनुसार इनका जन्म स्थान 'रूनकता' है।''[7]

''चौरासी वैष्णवन का वार्ता'' के ''भाव-प्रकाश'' में श्री हरिराम जी ने सबसे पहले सूरदास जी का जन्म स्थान दिल्ली से चार कोस दूर सीही ग्राम बताया है।''[8] इसे ही सर्व मान्यता प्राप्त है।

**सूर का अन्धात्व –** सूर की अन्धाता के विषय में सभी विद्वान एकमत है। सभी विद्वान यह मानते हैं कि आयु का एक दीर्घ अन्तराल उन्होंने अन्धो रह कर ही बिताया। सूर जन्मांधा थे या बाद में किसी बिमारी या दुर्घटना के कारण अन्धो हुए। यह विद्वानों में थोड़े विवाद का विषय है। अन्तःसाक्ष्य के रूप में सूर काव्य की निम्नलिखित पंक्तियां उनकी अन्धाता की घोतक है।

1. सूरदास सौं कहा निहारौ, नैनन हूं की हानि।
2. सूर कूर आंधारौ, मैं द्वार पर्यौ गाऊं।[9]

**सम्प्रदाय में प्रवेश –** सूरदास जी का कण्ठ मधाुर था और ईश्वर भक्ति में लीन होने के कारण समाज से विरक्त होकर 6 वर्ष की आयु में ही अपना घर छोड़ कर कुछ दूरी पर एक तालाब के पास पीपल के पेड़ के नीचे जा बसे जहाँ उन्होंने भक्ति एवं संगीत की साधाना की। कुछ समय बाद इस स्थान को छोड़ कर वह गऊघाट चले गए यहां सूर जी संगीत और काव्य के क्षेत्र में प्रमुख रूप से उच्च कोटि के भक्त के रूप में प्रसि) हुए। कुछ समय पश्चात महाप्रभु वल्लभाचार्य जी द्धप्रयागत्र्न से होते हुए गऊघाट आए तो यहाँ उनका मिलन सूरदास जी से हुआ। जब सूरदास जी ने उनके समक्ष मधाुर धवनि से कुछ विनय पद गाये तो आचार्य जी ने उन्हें अपना शिष्यत्व प्रदान किया।

सूर जी ने विनय पद में अपने आपको ''हीन'' कहने के भाव को महाप्रभु ने नकारा और सूरदास जी को प्रभु लीला वर्णन करने के लिए प्रेरित किया। और साथ ही अष्टाक्षरी मन्त्र 'श्री कृष्ण शरण्म मम' सुनाया और उनसे समपर्ण कराया तथा भाव सम्प्रदाय में स्थान दिया।

**सूर जी की रचनाएं –** सूर के समसामयिक इतिहास ग्रन्थों में उनकी रचनाओं के सम्बन्धा में कोई उल्लेख नहीं मिलता। वार्ता साहित्य में अवश्य ही परोक्ष रूप में सूर के सवा लाख पदों की ओर संकेत दिया गया है। कुछ ग्रन्थागारों से उपलब्धा सामग्री अनुसार सूर से सम्बन्धित 25 ग्रन्थ माने जाते हैं। इनमें से कुछ ग्रन्थ ''सूर–सागर'' के ही अंश प्रतीत होते हैं और कुछ टेक के आधार पर सूर कृत माने गये हैं जैसे : सूरसागर, सूर सारावली, भगवतकाव्य, सूररामायण, गोवर्धान लीला, सूरदास के विनय के पद, साहित्य लहरी, नाग लीला, सूर पचीसी इत्यादि।

उपरोक्त सभी रचनाओं में सूरसागर, सूर सारावली और साहित्य लहरी को ही प्रमाणित माना जाता है। सूरदास जी की सर्वश्रेष्ठ रचना ''सूरसागर'' मानी जाती है। इसमें काव्य और संगीत का प्रत्येक पद सूरदास जी ने बहुत सुचारू रूप से प्रस्तुत किया है। इनके सभी पद संगीत एवं काव्य के सभी गुणों से ओत–प्रोत है।

श्री शिखरचन्द जैन ने अपने ''सूर एक अधयायन में'' एक स्थान पर लिखा है ''संगीत विषयक उस ज्ञान की कसौटी पर जब सूर कसे जाते हैं, तब बहुत ऊँचे उठ जाते हैं। वास्तव में यदि काव्य और संगीत का सच्चा समन्वय कोई प्राकृतिक रूप में कर सका है तो वह सूर ही है।''[10]

सूरदास जी की भक्ति मय काव्य रचनाआवें को साहित्यक और सांगीतिक दो पक्षो में के रूप में देखने से सूर जी के इन दोनों विषयों से सम्बन्धित ज्ञान को बोधा हो जाता है। यहाँ साहित्यक पक्ष में उन्होंने उचित शब्दावल, विभिन्न अलंकार, छन्दों, रसभावों का वर्णन किया है उधार सांगीतिक पक्ष में उन्होंने बड़ी विद्ववता से सांगीतिक शब्दों, राग रागनीयों, तालों, वाद्यों, हस्तमुद्राओं आदि का वर्णन किया है।

**सूर के काव्य में सांगीतिक पक्ष –** सूरदास की मौलिक रचनाओं में ''सूर सागर'' र्स्वश्रेष्ठ रचना मानी जाती है। इसमें उन्होंने 87 राग रागनियों का उल्लेख किया है। उन्होंने अपने ग्रंथ में संगीत के हर पहलू जैसे : स्वर, राग, नाद, श्रुति, ग्राम, र्मुच्छना, ताल, रस, वाद्य आदि का उल्लेख किया है एवं विभिन्न गायन शैलियों का वर्णन किया है।

**सूर के पदों में राग – रागनियों का वर्गीकरण –** ''सूर सागर'' में निम्नलिखित राग–रागनियों का प्रयोग देखने को मिलता है। जैसे : आसावरी, सूहा, केदार, जैतश्री, गन्धारी, मालकौंस, देसाख, कर्नाट, वैराटी, सुघरई, बसन्ती, धामार, देवगिरी, राज्ञी–हठीली, राज्ञी मल्हार इत्यादि।

उपरोक्त रागों को देखने से पता चलता है कि कुछ राग इनमें ऐसे हैं जो अब व्यवहार में नहीं हैं। जैसे : देसाख, वैराटी, कर्नाट इत्यादि। इसके अतिरिक्त कुछ राग ऐसे भी हैं जिनके लक्षण उत्तर–दक्षिण, दोनों संगीत प)तियों में नहीं मिलते जैसे : राज्ञी हठीली, राज्ञी मल्हार इत्यादि।

''डा. मुन्शी राम शर्मा के अनुसार ''सूर सागर'' में कुछ राग ऐसे भी हैं जो सूर की अपनी रचनाएं लगती हैं।''[11]

इसके अतिरिक्त उन्होंने कुछ मिश्र रागों का भी प्रयोग किया है। जैसे : सा–बिलावल, बिलावल–रामकली। कहीं कहीं सूर ने एक राग के भिन्न–भिन्न नाम दिए हैं जैसे कैदार का कैदारों, सूहा का सूही। जहाँ सूर ने पदों पर रागों को अंकित किया है वहाँ कुछ पदों में भी राग–रागनियों का वर्णन किया है। जैसे –

''सारंग गौड़ी नट–नारायण, गौरी सुरहि सुनावत''[12]

**सूर के काव्य में गायन – वादन समय वर्णन –** हिन्दोस्तानी शास्त्री राग प्रणाली के साथ सामंजस्य बनाते हुए सूर ने कृष्ण की नित्य सेवा के आठ चरणों के साथ जोड़ने का प्रयत्न किया है। कालान्तर के कारण सूर के रागों का क्रम शास्त्रियक्रम से कुछ हट जाता है। प्राताकालीन सन्धिा प्रकाश राग जैसे : ललित, भैरव, रामकली। सूर ने मंगला के लिए जिन पदों की रचना की है उनमें इन्हीं रागों का प्रयोग किया गया है। मंगला से भाव कृष्ण जागरण, कलेवा, आरती है। प्राय: पद की भाषा से ही समय का अनुमान हो जाता है जैसे : राग, भैरव में –

''उठौ नन्दलाल भयौ भिनुसार जगावति नंद की रानी।''[13]

इस प्रकार आठों पहर के अनुसार नित्य सेवा के आठ चरणों में सूर ने समय के अनुसार विभाजन किया है।

**सूर की काव्य में गायन शैलीयां –**

**धाुपद –** सूरदास जी के समय में जो गायन शैली अति प्रचार से थी वह धाुपद थी। सूरदास जी के अनेक पदों को देखने से प्रतीत होता है कि उनकी दीर्घ पंक्तियां

**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

दीर्घ श्वास-युक्त स्वर-साधाना के लक्ष्य से ही रची गई हैं। यद्यपि ध्रुपद शैली के वास्तविक स्वरूप का निश्चय करना आज कठिन प्रतीत होता है क्योंकि उत्तर मधय-काल में ख्याल, टप्पा, ठुमरी आदि ललित्यपूर्ण - शैलियों के अर्विभाव पर ध्रुपद की लोकप्रियता काफी कम हो गई है। परन्तु फिर भी संगीत शास्त्रियों द्वारा ध्रुपद के जिस रूप की चर्चा की गई है उन लक्षणों का सूर के पदों में अनुमान लगाया जा सकता है। उदहारणतया -

**राग केदार – चौताल –**

भाई री जसोदानन्द आनन्द कन्द

ग्वाल वृन्द ले गोविन्द।[14]

**धामार –** उस समय दूसरी प्रधाान गायन शैली धामार थी। इस शैली में राधाा कृष्ण की रास होरी अथवा फाल्गुन मास का मनमोहक वर्णन मिलता है। सूर ने कहीं कहीं होरी और धामार शब्दों का प्रयोग रागों के रूप में किया है। परन्तु यह राग न होकर धामार शैली घोतक माने जा सकते हैं। इस में 14 मात्र के धामार ताल के अनुकूल पद योजना के एक उदाहरण इस प्रकार हैं।

''खेलत हैं अति रसन से रंग भीने हो,

अति रस केलि विलास लाल रंग भीने हो।''[15]

सूर ने रसिया, होरी आदि लोक गीतों को शास्त्रिय रूपू प्रदान करने का प्रयास किया है।

**सूर के काव्य में वाद्यों का वर्णन –** महाकवि सूरदास जी चाहे एक भक्त थे इसके साथ साथ वह एक संगीतज्ञ के रूप में प्रतिष्ठित किये गये हैं। उन्होंने अनेक प्रकार के वाद्यों का उल्लेख अपने पदों में किया है।

''इक बीना इक किन्नरी, इक मुरली, इक उपंग,

इक तुंबुर इक रबाब भातिँ सौ बजावै।

इक पटहु इस गोमुख, इक आउस इक झल्लारि,

एक अमृत कुण्डली, इक डफ धाारैं।[16]

**सूर के काव्य में परिभाषिक शब्दों का प्रयोग –** सूर ने अपने काव्य में सांगीतिक शब्दों का जैसे : अतीत, तान, नाद, सुर, ताल, आलाप आदि का प्रयोग किया है। उदाहरणतय -

''अतीत अनागत संगीत बिच तान मिलाई।

सुर ताल अरू नृत्य धयाई, प्रनि मृदंग बजाई।।[17]

**सूर के काव्य में तालों का प्रयोग –** सूर की वाणी में तालों का उल्लेख प्राय: नगण्य ही है तथापि कुछ स्थलों पर चर्चरी, तिताला, धावताल, तीनताल, झपताल आदि का वर्णन मिल ही जाता है। झपताल के उल्लेख से युक्त एक पद इस प्रकार है।

''छन्द धावनि के भेद अपार

नाचत कुंवरि मिले झपतार।।[18]

**सूर के काव्य में नृत्य की विभिन्न मुद्राओं का प्रयोग –** भक्त शिरोमणि सूरदास जी ने भी अपने नृत्य ज्ञान की कुशलता का परिचय अपने नृत्य सम्बन्धाी सामग्री का प्रयोग करके दिया है। उन्होंने रास लीला के पदों में कृष्ण और गोपियों के नृत्य का चित्रण अनेक नृत्य मुद्राओं और भाव-भागिमाओं का शाब्दिक प्रयोग करके, बहुत ही सजीव रूप में किया है। सूर रचित नृत्य सम्बन्धाी कुछ पदों की पंक्तियाँ उदाहरण स्वरूप इस प्रकार है -

''नृत्यत स्याम स्यामा-हेत।

मुकुट-लटकनि, भृकुटि-मटकनि, नारि-मन सुख देत।।

कबहुं चलत सुघंग गति सौं, कबहुं उघटन बैन।

लोल कुण्डल गंड-मंडल, चपल नैननि सैन।।

स्याम की छवि देखि नागरी, रही इक टक जोहि।

सूर-प्रभु उर लाइ लीन्हों, प्रेम गुन करि पोहि।।''[19]

पूर्ण वर्णित शोधा पत्रिका के अधययन से यह बात पूर्ण रूप से स्पष्ट हो जाती है कि सूर के काव्य में चाहे साहित्य हो चाहे संगीत। दोनों पक्षों का तालमेल बराबर बना रहता है। सूर पहले भक्त थे फिर गायक। अत: भक्ति उनके लिए साधय थी और संगीत साधान। सूरसागर भक्ति, काव्य तथा संगीत का एक अनूठा संगम है। सूर ने ज्ञान को पदों के रूप में व्यक्त करके, जनमानस के हृदय में ईश्वर भक्ति की स्निग्धा पीयूषधाारा प्रवाहित की और इष्ट के प्रति प्रेम से युक्त माधाुर्य भाव को भक्ति के साधान के रूप में जन साधाारण के सन्मुख रखा।

**लैकचरार,**
**संगीत विभाग, गुरू नानक देव विश्वविद्यालय, अमृतसर**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਸਿੱਖ ਸੰਜੋਗ ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਰਾਗੁ ਗਉੜੀ-ਭੈਰਉ ਅੰਗ

ਪ੍ਰੋ: ਜਬਰ ਜੰਗ ਸਿੰਘ

ਥਾਟ-ਭੈਰਉ, ਜਾਤੀ-ਔੜਵ ਸੰਪੂਰਨ,

ਵਾਦੀ ਸੁਰ-ਰਿਸ਼ਭ (ਰੇ) ਸੰਵਾਦੀ ਸੁਰ-ਪੰਚਮ (ਪ)

ਸੁਰ-ਰਿਸ਼ਭ ਧੱਵਤ ਕੋਮਲ ਬਾਕੀ ਸੁੱਧ ਵਰਜਿਤ

ਸੁਰ-ਆਰੋਹ ਵਿਚ ਗੰਧਾਰ (ਗ) ਅਤੇ ਧੈਵਤ (ਧੁ) ਕੋਮਲ ਹੈ।

ਸਮਾਂ : ਇਸ ਰਾਗ ਵਿਚ ਕੀਰਤਨ ਕਰਨ ਦਾ ਸਮਾਂ ਸ਼ਾਮ ਦਾ ਹੈ।

ਆਰੋਹ - ਸ ਰੁੇ, ਗ ਰੁੇ, ਮ ਪ ਨੀ ਸਂ।

ਅਵਰੋਹ - ਸਂ ਨੀ ਧੁ ਪ, ਮ ਗ ਰੁੇ ਸ ਨ਼ੀਸ।

ਵਿਸ਼ੇਸ਼ ਸੁਰ - ਮ ਪ ਨੀ ਨੀ ਸੱ s, ਨੀ ਧੁ ਪ, ਮ ਗ, ਰੁੇ ਗ ਰੁੇ ਸਨ਼ੀਸ

ਰਾਗੁ ਗਉੜੀ - ਰੂਪਕਤਾਲ ਸਥਾਈ

| 1 | 2 | 3 | 4 | 5 | 6 | 7 |
|---|---|---|---|---|---|---|
| ਪ | ਮ | - | ਗ | ਰੁੇ | ਗ | - |
| ਗਉ | ੜੀ | s | ਰਾ | s | ਗਿ | s |
| ਗ | ਰੁੇ | ਸਨ਼ੀ | ਸ | - | ਸ | - |
| ਸੁ | ਲ | ਖs | ਣੀ | s | s | s |
| ਨ਼ੀ | ਸ | - | ਰੁੇ | ਗ | ਰੁੇ | s |
| ਜੇ | s | s | ਖ | ਸ | ਮੈ | s |
| ਮ | ਮ | -ਮ | ਪ | - | ਪ | - |
| ਚਿ | ਤਿ | sਕ | ਰੇਇ | s | s | s |
| ਮ | ਗ | -ਰੁੇ | ਗ | - | ਗ | - |
| ਚਿ | ਤਿ | sਕ | ਰੇਇ | s | s | s |
| ਗ | ਰੁੇ | ਸਨ਼ੀ | ਸ | - | ਸ | - |
| ਚਿ | ਤਿ | sਕ | ਰੇਇ | s | s | s |
| | | | ਮਾਝਾ | | | |
| ਮ | ਪ | - | ਧੁ | ਮ | ਪ | - |
| ਭਾ | ਣੈ | s | ਚ | s | ਲੈ | s |
| ਨੀ | ਨੀ | -ਨੀ | ਸਂ | ਨੀ | ਸਂ | - |
| ਸ | ਤਿ | sਗੁ | ਰੂ | s | ਕੈ | s |

| | | | | | | |
|---|---|---|---|---|---|---|
| ਸਂ | ਸਂ | ਸਂ | ਨੀ | ਧੁ | ਮ | ਧੁ |
| ਐ | ਸਾ | ਸੀ | ਗਾ | s | ਰ | ਕ |
| ਪ | – | – | ਮਗ | ਰੁੇਗ | ਰੁੇਸ | ਨ਼ੀਸ |
| ਰੇਇ | s | s | ss | ss | ss | ss |
| ● | | | 1 | | 2 | |
| ਅੰਤਰਾ | | | | | | |
| ਮ | ਪ | – | ਧੁ | ਮ | ਪ | ਪ |
| ਸ | ਚਾ | s | ਸ | ਬ | ਦ | ਭ |
| ਨੀ | – | ਨੀ | ਸਂ | – | ਸਂ | – |
| ਤਾ | s | ਰ | ਹੈ | s | s | s |
| ਗਂ | ਗਂ | –ਰੁੇਂ | ਗਂ | – | ਗਂ | – |
| ਸ | ਦਾ | sਸ | ਦਾ | s | ਰਾ | s |
| ਗਂ | ਰੁੇਂ | ਸਂਨੀ | ਸਂ | – | ਸਂ | – |
| ਵੇਇ | s | ss | s | s | s | s |
| ਮ | ਪ | ਪ | ਧੁ | ਮ | ਪ | – |
| ਜਿਉ | ਉਬ | ਲੀ | ਮ | ਜੀ | ਠੈ | s |
| ਨੀ | ਨੀ | – | ਸਂ | ਨੀ | ਸਂ | – |
| ਰੰ | ਗ | s | ਗਹ | ਗ | ਹਾ | s |
| ਗਂ | ਗਂ | ਰੁੇਂ | ਗਂ | – | ਗਂ | – |
| ਤਿਉ | s | ਸ | ਚੇ | s | ਨੋ | s |
| ਗਂ | ਰੁੇਂ | ਸਂਨੀ | ਸਂ | – | ਸਂ | – |
| ਜੀ | ਉ | sਦੇ | ਇ | s | s | s |
| ਸਂ | ਸਂ | ਸਂ | ਨੀ | ਧੁ | ਮ | ਧੁ |
| ਤਿਉ | s | ਸ | ਚੇ | ਨੋ | ਜੀ | ਉ |
| ਪ | – | – | ਮਗ | ਰੁੇਗ | ਰੁੇਸ | ਨ਼ੀਸ |
| ਦੇਇ | s | s | ss | ss | ss | ss |
| ● | | | 1 | | 2 | |
| ਸ਼ਬਦ ਬੋਲ ਵੰਡ | | | | | | |
| 1 | 2 | 3 | 4 | 5 | 6 | 7 |
| ਨ਼ੀ | ਸ | – | ਰੁੇ | ਗ | ਰੁੇ | – |
| ਗਉ | ੜੀ | s | ਰਾ | s | ਗਿ | s |
| ਮ | ਮ | ਮ | ਪ | – | ਪ | – |
| ਸੁ | ਲ | ਖ | ਣੀ | s | s | s |
| ਨੀਧੁ | ਨੀਨੀ | ਧੁਪ | ਮਪ | ਧੁਪ | ਮ | – |
| ਜੋs | ss | ss | ਖs | ਸs | ਮੈ | s |
| ਗਰੁੇ | ਗ | –ਰੁੇ | ਸਨ਼ੀ | ਸਰੁੇ | ਸਨ਼ੀ | ਸ– |
| ਚਿs | ਤਿ | sਕ | ਰੇਇ | ss | ss | ss |

| | | | | | | |
|---|---|---|---|---|---|---|
| ਮਪ | ਧੁਪ | ਮਪ | ਨੀ | – | ਸਂ | – |
| ਗਉ | ਙੀ | ss | ਰਾ | s | ਗਿ | s |
| ਸਂ | ਰੇਂ | ਸਰੇਂ | ਸਂ | ਨੀ | ਸਂ | – |
| ਸੁ | ਲ | ਖs | ਣੀ | s | s | s |
| ਨੀਧੁ | ਪਨੀ | ਧੁਪ | ਮ | – | ਪ | – |
| ਗਉ | ਙੀs | ss | ਰਾ | s | ਗਿ | s |
| ਮਪ | ਧੁਪ | ਮਪ | ਮਗ | ਰੇਗ | ਰੇਸ | ਨ਼ੀਸ |
| ਸੁs | ਲs | ਖs | ਣੀs | ss | ss | ss |
| ਤਾਨਾਂ | | | | | | |
| ਮਪ | ਧੁਪ | ਮਪ | ਮਗ | ਰੇਗ | ਰੇਸ | ਨ਼ੀਸ |
| ਸਰੇ | ਗਰੇ | ਸਰੇ | ਮਪ | ਧੁਪ | ਮਪ | ਨੀਸਂ |
| ਨੀਧੁ | ਪਮ | ਪਪ | ਮਗ | ਰੇਗ | ਰੇਸ | ਨ਼ੀਸ |
| ਸਰੇ | ਗਰੇ | ਸਰੇ | ਮਪ | ਧੁਪ | ਨੀਨੀ | ਧੁਪ |
| ਨੀਸਂ | ਰੇਂਸਂ | ਨੀਸਂ | ਨੀਨੀ | ਧੁਪ | ਧੁਪ | ਮਪ |
| ਮਗ | ਰੇਗ | ਰੇਸ | ਨ਼ੀਸ | ਰੇਸ | ਰੇਮ | ਪ |
| ● | | | 1 | | 2 | |


# Hot millions®

*Salad Bar & Restaurant*

*Serving Indian, Chinese, Continental & Italian Food*
*with a regular Indian & Salad Buffet*



*For Free Home Delivery*
*(above Rs. 100/- )*

**CHD 2723333** **SALAD BAR 2723222**
**PKL 2579888** **MOH 2264300**



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

## ਸਲੋਕ ਮਹਲਾ ੩ ॥

sulok mehulaa 3
Shalok, Third Mehl:

### ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥

gourree raag sulukhunee jae khusumai chith kuraee
Gauree Raga is auspicious, if, through it, one comes to think of his Lord and Master.

### ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥

bhaanai chulai sathiguroo kai aisaa seegaar kuraee
He should walk in harmony with the Will of the True Guru; this should be his decoration.

### ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥

suchaa subudh bhuthaar hai sudhaa sudhaa raavaee
The True Word of the Shabad is our spouse; ravish and enjoy it, forever and ever.

### ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ ॥

jio oubulee mujeethai rung gehugehaa thio suchae no jeeo dhaee
Like the deep crimson color of the madder plant - such is the dye which shall color you, when you dedicate your soul to the True One.

### ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥

rung chuloolai ath ruthee suchae sio lugaa naehu
One who loves the True Lord is totally imbued with the Lord's Love, like the deep crimson color of the poppy.

### ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥

koorr thugee gujhee naa rehai koorr mulunmaa pulaett dhuraehu
Falsehood and deception may be covered with false coatings, but they cannot remain hidden.

### ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥

koorree kuran vuddaaeeaa koorrae sio lugaa naehu
False is the uttering of praises, by those who love falsehood.

### ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥੧॥

naanuk suchaa aap hai aapae nudhar kuraee
O Nanak, He alone is True; He Himself casts His Glance of Grace. ||1||
Guru Grand Sahib Page 311

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸੋਚਣ ਵਾਲੀ ਗੱਲ

ਡਾਕਟਰ ਜਾਗੀਰ ਸਿੰਘ ਜੀ ਆਪਜੀ ਦਾ ਲੇਖ "ਟਕਸਾਲੀ ਕੀਰਤਨੀਏ ਦੀ ਵਾਰਤਾ" ਪੜ੍ਹਕੇ ਮਨ ਵਿੱਚ ਅਨੇਕਾਂ ਵਲਵਲੇ ਉੱਠੇ। ਆਪਜੀ ਨੇ ਲਿਖਿਆ ਹੈ ਕਿ ਕਿਸੇ ਸਮੇਂ ਇਸ ਪ੍ਰਸਿੱਧ ਕੀਰਤਨੀਏ ਨੂੰ ਸ਼੍ਰੋਮਣੀ ਰਾਗੀ ਅਵਾਰਡ ਮਿਲਿਆ ਸੀ। ਉਨ੍ਹਾ ਦੀ ਬਹੁਤ ਪ੍ਰਸਿੱਧੀ ਸੀ। ਵੱਡੇ ਵੱਡੇ ਕੀਰਤਨੀਏ ਅਤੇ ਗਾਇਕ, ਉਨ੍ਹਾਂ ਦਾ ਕੀਰਤਨ ਸੁਣਨ ਦੀ ਇੱਛਾ ਰੱਖਦੇ ਸਨ। ਪਰ ਅੱਜ ਉਹ ਬਜ਼ੁਰਗ ਰੋਟੀ ਦੀ ਚਿੰਤਾ ਵਿੱਚ ਫਿਕਰਮੰਦ ਹਨ, ਕਿਉਂਕਿ ਗੁਰਦੁਆਰਿਆਂ ਵਿੱਚ ਉਨ੍ਹਾਂ ਦੀ ਕਲਾ ਦੀ ਕੋਈ ਕਦਰ ਅਤੇ ਥਾਂਹ ਨਹੀਂ ਰਹੀ।

ਮੈਨੂੰ ਆਪਣੇ ਪਰਿਵਾਰ ਸਮੇਤ ਅਮਰੀਕਾ ਵਿੱਚ ਰਹਿੰਦੀ ਨੂੰ ੪੩ ਸਾਲ ਹੋ ਗਏ ਹਨ। ਉਸ ਵੇਲੇ ਉੱਤਰ-ਪੂਰਬੀ ਅਮਰੀਕਾ ਵਿੱਚ ਸਿੱਖ ਬਹੁਤ ਘੱਟ ਗਿਣਤੀ ਵਿੱਚ ਸਨ। ਜਿਹੜੇ ਸਨ, ਉਹ ਆਪਣੀ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਆਏ ਸਨ। ਕੋਈ ਗੁਰਦੁਆਰੇ ਨਹੀਂ ਸਨ, ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਨਹੀ ਸਨ। ਇਥੋਂ ਤੱਕ ਕਿ ਸ਼ਬਦ ਕੀਰਤਨ ਦੀਆਂ ਪੋਥੀਆਂ ਅਤੇ ਪੰਜਾਬੀ ਸਾਹਿਤਕ ਪੁਸਤਕਾਂ ਦੇਖਣ ਵਾਸਤੇ ਵੀ ਨਹੀਂ ਸਨ। ਸਾਡੇ ਵਾਸਤੇ ਅਮਰੀਕਾ ਵਰਗੇ ਵਿਛਾਲ ਦੇਸ਼ ਵਿੱਚ ਇਹ ਇੱਕ ਸਭਿਅਕ ਸਦਮਾ ਸੀ। ਸਾਡੀ ਹਾਲਤ ਧੋਬੀ ਦੇ ਕੁੱਤੇ ਵਰਗੀ ਸੀਨਾ ਘਰ ਦਾ ਨਾ ਘਾਟ ਦਾ।

ਆਪਣੀ ਵਿੱਦਿਆ ਦੀ ਪ੍ਰਾਪਤੀ ਅਤੇ ਪ੍ਰਵਾਰਿਕ ਕੰਮ-ਕਾਜ ਸੰਭਾਲਦਿਆਂ ਹੋਇਆਂ ਕੋਈ ੩੫-੪੦ ਸਾਲ ਪਹਿਲਾਂ ਸਿੱਖਾਂ ਦੇ ਮਨਾਂ ਵਿੱਚ ਗੁਰਦੁਆਰੇ ਸਥਾਪਤ ਕਰਨ ਦੀ ਲਹਿਰ ਅਰੰਭ ਹੋਈ। ਮੁੱਠੀ-ਭਰ ਦੂਰਦਰਸ਼ਕ ਸਿੰਘਾਂ ਨੇ ਆਪਣਾ ਵਿਰਸਾ, ਗੁਰੂ ਦੀ ਪਵਿੱਤਰ ਬਾਣੀ ਅਤੇ ਸਭਿਅਤਾ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਚੁੱਕੀ।

੧੯੭੦ ਵਿੱਚ ਨਊਿ ਯੌਰਕ ਇੰਡੀਅਨ ਕੋਨਸਲੇਟ ਵਿੱਚ ਪਹਿਲੀ ਵਾਰ ਵੈਸਾਖੀ ਦਾ ਉੱਤਸਵ ਮਨਾਇਆ ਗਿਆ, ਜਿਸ ਵਿੱਚ ਟਰਾਈ-ਸਟੇਟ ਅਤੇ ਦੂਰ-ਦੁਰਾਡੇ ਤੋਂ ਸੰਗਤਾਂ ਹੁੰਮ-ਹੁਮਾਕੇ ਸ਼ਾਮਲ ਹੋਈਆ; ਅਤੇ ਸਿੱਖ ਕਲਚਰਲ ਸੁਸਾਇਟੀ ਗੁਰਦੁਆਰੇ ਦੀ ਸਥਾਪਨਾ ਨੀਊ ਯੌਰਕ ਵਿੱਚ ਹੋਈ। ਇਸ ਤੋਂ ਬਾਅਦ ਛੇਤੀ ਹੀ ਗੁਰੂ ਨਾਨਕ ਫਾਂਉਂਡੇਸ਼ਨ ਗੁਰਦੁਆਰੇ ਦੀ ਸਥਾਪਨਾ ਵਾਸ਼ਿੰਗਟਨ ਡੀ ਸੀ ਵਿੱਚ ਹੋਈ।

ਨੀਊ ਜਰਸੀ ਦੀ ਸਿੱਖ-ਸੰਗਤ ਕਾਫੀ ਬਿੱਖੜੀ ਹੋਈ ਸ਼ਹਿਰਾਂ ਤੋਂ ਦੂਰ ਅਤੇ ਗਿਣਤੀ ਵਿੱਚ ਘੱਟ ਸੀ। ਗੁਰੂ ਦੀ ਮਿਹਰ ਸਦਕਾ ਪਹਿਲਾਂ ਘਰਾਂ ਵਿੱਚ ਤੇ ਫਿਰ ਜਗ੍ਹਾ ਕਿਰਾਏ ਤੇ ਲੈਕੇ ਗੁਰਮਤਿ ਦੀ ਸਿਖਲਾਈ ਅਤੇ ਸ਼ਬਦ-ਕੀਰਤਨ ਦੇ ਪਰਵਾਹ ਚੱਲ ਪਏ। ਸਾਡੇ ਵਿੱਚ ਕੋਈ ਵੀ ਧਾਰਮਿਕ ਵਿੱਦਿਆ ਵਿੱਚ ਨਿਪੁੰਨ ਨਹੀਂ ਸੀ; ਪਰੰਤੂ ਸਿੱਖਣ ਦੀ ਚਾਹ ਅਤੇ ਸੇਵਾ ਭਾਵਨਾ ਹਰ ਇੱਕ ਦੇ ਹਿਰਦੇ ਵਿੱਚ ਬੇਅੰਤ ਸੀ। ੧੯੭੩ ਵਿੱਚ ਗਾਰਡਨ ਸਟੇਟ ਸਿੱਖ ਐਸੋਸੀਏਸ਼ਨ ਗੁਰਦੁਆਰੇ ਦੀ ਕਾਗਜ਼ੀ ਕਾਰਵਾਈ ਸੰਪੂਰਨ ਹੋਈ; ਸੰਵਿਧਾਨ ਅਤੇ ਬਾਏ-ਲਾਜ਼ ਲਿਖੇ ਗਏ। ਦਸੰਬਰ ੧੯੭੯ ਵਿੱਚ ਬ੍ਰਿੱਜਵਾਟਰ ਸ਼ਹਿਰ ਵਿੱਚ ਇੱਕ ਚਰਚ ਦੀ ਇਮਾਰਤ ਖਰੀਦ ਕੇ ਗੁਰੂਘਰ ਦਾ ਉਦਘਾਟਨ ਕੀਤਾ ਗਿਆ। ਇਹ ਨੀਊ ਜਰਸੀ ਵਿੱਚ ਪਹਿਲਾ ਗੁਰੂਘਰ ਸੀ।

ਪਹਿਲੇ ੧੫-੧੮ ਸਾਲ ਸੰਸਥਾ ਨੂੰ ਕਾਇਮ ਅਤੇ ਚਲਾਈ ਰੱਖਣ ਲਈ ਜੱਦੋਜਹਦ ਦੇ ਸਨ, ਪ੍ਰੰਤੂ ਸੰਗਤਾਂ ਦੀ ਸ਼ਰਧਾ ਅਤੇ ਨਿਸਚੇ ਕਰਕੇ ਉਹ ਸਮਾਂ ਹੀ ਵਧੀਆ ਸੀ! ਸੰਗੀਤ ਕਲਾ ਵਿੱਚ ਨਿਪੁੰਨ ਕੀਰਤਨੀਏ ਅਤੇ ਕਥਾ-ਵਾਚਕਾਂ ਦਾ ਇੰਤਜ਼ਾਮ ਕੀਤਾ ਜਾਂਦਾ ਰਿਹਾ। ਇਨ੍ਹਾ ਨੂੰ ੫੦-੬੦ ਮੀਲ ਤੋਂ ਲੇਕੇ ਆਉਣਾ ਸੇਵਾਦਾਰਾਂ ਵਾਸਤੇ ਇੱਕ ਮਮੂਲੀ ਗੱਲ ਹੁੰਦੀ ਸੀ॥ ਬੱਚਿਆਂ ਵਾਸਤੇ ਗੁਰਮਤਿ ਵਿੱਦਿਆ ਦੀ ਪੜ੍ਹਾਈ ਅਤੇ ਕੈਂਪ ਖਾਲਸਾ ਸਕੂਲ ਰਾਹੀਂ ਚੱਲਦੇ ਰਹੇ। ਸੰਗਤ ਨੇ ਲੋੜਵੰਦਾਂ ਵਾਸਤੇ ਕਪੜੇ ਅਤੇ ਭੋਜਨ ਦਾ ਪ੍ਰਬੰਧ ਕਰਨਾ, ਖੂਨ ਦਾ ਦਾਨ ਦੇਣਾ, ਆਪਣੇ ਅਮਰੀਕਨ ਭਾਈਚਾਰੇ ਦੀਆਂ ਸੰਸਥਾਵਾਂ ਵਿੱਚ ਮਾਇਆ ਇਕੱਠੀ ਕਰਨ ਲਈ ਵਾਕ-ਏ-ਥਾਨਾਂ ਵਿੱਚ ਹਿੱਸਾ ਲੈਣਾ; ਇਥੋਂ ਦੇ ਰਾਜਨੀਤਕ ਸਿਸਟਮ ਨੂੰ ਸਿੱਖ ਭਾਈਚਾਰੇ ਅਤੇ ਸਿੱਖੀ ਬਾਰੇ ਜਾਣੂੰ ਕਰਾਉਂਣਾ, ਇਹ ਸਭ ਹਰ ਮਹੀਨੇ, ਹਰ ਸਾਲ ਚੱਲਦੇ ਰਹੇ॥ ਸਿੱਖਾਂ ਵਾਸਤੇ ਇਹ ਸਭ ਕਾਰਜ ਕਰਨੇ ਗੁਰੂ ਸਾਹਿਬਾਂ ਦਾ ਉਪਦੇਸ਼ ਸੀ ਅਤੇ ਧਰਮਸ਼ਾਲਾਂ ਚਲਾਉਂਣ ਦਾ ਮੰਤਵ ਸੀ। ਇਸ ਸਮੇਂ ਦੇ ਦੁਰਾਨ ਆਪਜੀਨੇ ਵੀ ਕਈ ਵਾਰੀ ਇਸ ਗੁਰੂਘਰ ਵਿੱਚ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਪਾਠਕ ਸ਼ਾਇਦ ਸੋਚਦੇ ਹੋਣਗੇ ਕਿ ਮੈਂ ਇਹ ਕੀ ਲੜੀ ਸ਼ੁਰੂ ਕਰ ਲਈ? ਆਪਜੀ ਦੇ ਸੁਆਲ ਦਾ ਜਵਾਬ ਦੇਣ ਲਈ ਉਪਰਲੀ ਬੈਕ-ਗਰਾਊਂਡ ਦੇਣੀ ਜਰੂਰੀ ਸਮਝੀ। ਕਿਉਂਕਿ ਪਿਛਲੇ ੧੦-੧੨ ਸਾਲਾਂ ਤੌਂ ਗੁਰਦੁਆਰਿਆਂ ਦੀ ਹਾਲਤ ਤਰਸਯੋਗ ਹੈ। ਨੀਊ ਜਰਸੀ ਵਿੱਚ ਇਸ ਵੇਲੇ ੭-੮ ਗੁਰਦੁਆਰੇ ਹਨ। ਗੁਰਬਾਣੀ ਤੋਂ ਸੱਖਣੇ ਪ੍ਰਬੰਧਕ ਗੁਰਦੁਆਰਿਆਂ ਤੇ ਕਬਜ਼ੇ ਕਰਕੇ ਆਪਣੀ ਮਨ-ਮਰਜ਼ੀ ਨਾਲ ਇੱਕ ਬਿਜ਼ਨੈਸ ਦੀ ਤਰ੍ਹਾਂ ਚਲਾ ਰਹੇ ਹਨ। ਕਲਾਹੀਨ ਘਟੀਆ ਆਚਰਨ ਵਾਲੇ ਕਥਾਕਾਰ ਅਤੇ ਰਾਗੀ ਜੋ ਚਾਪਲੂਸੀ ਕਰਨੀ ਹੀ ਸਿੱਖੀ ਦਾ ਪ੍ਰਚਾਰ ਸਮਝਦੇ ਹਨ, ਦੀ ਭਰਤੀ ਸੰਗਤ ਅਤੇ ਪ੍ਰਬੰਧਕ ਗੁਰਦੁਆਰਿਆਂ ਵਿੱਚ ਕਰੀ ਜਾ ਰਹੇ ਹਨ। ਕੀ ਪੰਜਾਬ ਵਿੱਚ, ਕੀ ਦਿੱਲੀ ਵਿੱਚ, ਕੀ ਪੱਛਮੀਂ ਦੇਸ਼ਾਂ ਵਿੱਚ, ਮਾਇਆ ਦੇ ਅਧੀਨ ਕਲਜ਼ੁਗੀ ਜੀਵ ਅੰਨ੍ਹੇ-ਬੋਲੇ ਹੋਏ ਪਏ ਹਨ! ਇਹ ਸੋਚ ਕੇ ਕਿ ਸ਼ਾਇਦ ਅਗਲੀ ਪੀੜ੍ਹੀ ਸਮਝਦਾਰ ਹੋਵੇਗੀ, ਜਰਾ ਕੁ ਆਸ ਦੀ ਕਿਰਨ ਉਠੰਦੀ ਹੈ। ਜਿਵੇਂ ਅੰਗਰੇਜ਼ੀ ਦਾ ਅਖਾਣ ਹੈ ਕਿ "ਸੇਵ ਦਾ ਫਲ ਦਰਖਤ ਤੋਂ ਦੂਰ ਨਹੀਂ ਡਿਗਦਾ" ਵਾਲੀ ਕਹਾਵਤ ਪੂਰੀ ਹੋਣ ਤੇ ਆਸਾਂ ਤੇ ਮਿੱਟੀ ਫਿਰ ਜਾਂਦੀ ਹੈ। ਕਿਉਂਕਿ ਜੋ ਸੰਗਤ ਦੇ ਮੈਂਬਰ ਅਰੰਭ ਤੋਂ ਗੁਰਦੁਆਰਿਆਂ ਿੱਵਚ ਫਸਾਦ ਦੀ ਜੜ੍ਹ ਸਨ ਉਨ੍ਹਾਂ ਦੀ ਆਉਣ ਵਾਲੀ ਪੀੜ੍ਹੀ ਉਨ੍ਹਾ ਦੀ ਵੀ ਜੜ੍ਹ ਹਨ!

ਇਹੋ ਜਿਹੇ ਮਾਹੌਲ ਵਿੱਚ ਇਸ ਬਜ਼ੁਰਗ ਟਕਸਾਲੀ ਕੀਰਤੀਨੀਏ ਦੀ ਕਲਾ ਕੌਣ ਸੁਣੇਗਾ? ਕੌਣ ਸਮਝੇਗਾ? ਕੌਣ ਸਤਿਕਾਰ ਅਤੇ ਪਿਆਰ ਕਰੇਗਾ? ਜੇ ਕਿਸੇ ਲਿਖਾਰੀ ਨੇ ਪਿਛਲੇ ਪਰਸਿੱਧ ਰਾਗੀ ਸਿੰਘਾਂ ਦੀਆਂ ਜੀਵਨੀਆਂ ਕਲਮਬੱਧ ਕਰ ਵੀ ਦਿੱਤੀਆਂ, ਪ੍ਰੰਤੂ ਉਸ ਕਲਾ ਦੀ ਸਿੱਖਲਾਈ ਆਉਣ ਵਾਲੀ ਪੀੜ੍ਹੀ ਨੂੰ ਪ੍ਰਦਾਨ ਨਹੀਂ ਕੀਤੀ ਗਈ ਤਾਂ ਉਹ ਕਲਾ ਸਮੇ ਦੀ ਮਾਰ ਤੋਂ ਕਿਵੇਂ ਬਚੇਗੀ?

ਮੈਨੂੰ ਤਾਂ ਇੰਜ ਲੱਗਦਾ ਹੈ ਕਿ ਸਾਰੇ ਸੰਸਾਰ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੀ ਸਖਤ ਜ਼ਰੂਰਤ ਹੈ। ਜਦੋਂ ਅਸੀਂ ਪੜ੍ਹੇ ਲਿਖੇ ਕਥਾਕਾਰਾਂ ਅਤੇ ਸ਼ੁੱਧ ਕੀਰਤਨੀਆਂ ਨੂੰ ਗੁਰੂਘਰਾਂ ਵਿੱਚ ਜ਼ਗ੍ਹਾ ਦੇ ਕੇ, ਉਨ੍ਹਾ ਦਾ ਯੋਗ ਸਤਿਕਾਰ-ਮਾਣ ਕਰਕੇ, ਉਨ੍ਹਾ ਦੀ ਘਾਲਣਾ ਦਾ ਪੂਰਾ ਇਵਜ਼ਾਨਾ ਦਿਆਂਗੇ ਤਦੋਂ ਹੀ ਉਹ ਗੁਰੂਘਰਾਂ ਵਿੱਚ ਟਿੱਕਣਗੇ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਜਣੇ-ਖਣੇ ਦੀ ਨੌਕਰੀ ਕਰਨ ਦੀ ਭਾਲ ਤੋਂ ਛੁਟਕਾਰਾ ਪਾਕੇ ਸੰਗਤ ਨੂੰ "ਧੁਰ ਕੀ ਬਾਣੀ" ਦੀ ਸੰਭਾਲ ਕਰਨ ਦੀ ਸੂਝ ਦੇਣਗੇ!

ਜੋ ਅਸੀਂ ਖਾਲਸਾ ਸਕੂਲਾਂ ਤੋਂ ਸੂਝਵਾਨ ਨੌਜਵਾਨ ਲੜਕੇ ਲੜਕੀਆਂ ਤਿਆਰ ਕਰਦੇ ਹਾਂ, ਉਹ ਇਨ੍ਹਾਂ "ਜਿਸਕੀ ਲਾਠੀ ਉਸਕੀ ਭੈਂਸ" ਵਾਲੀਆਂ ਪ੍ਰਬੰਧਕ ਟੋਲੀਆਂ ਨਾਲ ਕੰਮ ਨਹੀਂ ਕਰ ਸਕਦੇ। ਪ੍ਰੰਤੂ ਫਖਰ ਦੀ ਖਬਰ ਇਹ ਹੈ ਕਿ ਇਹ ਨੋਜਵਾਨ ਸਿੱਖ, ਸਿੱਖਾਂ ਵਾਸਤੇ ਪੱਛਮੀ ਦੇਸ਼ਾਂ ਵਿੱਚ ਹੱਕ ਸੁਰੱਖਿਤ ਕਰਨ ਅਤੇ ਪੀੜਤਾਂ ਦੀ ਸਹਾਇਤਾ ਕਰਨ ਵਿੱਚ, ਭਾਵੇਂ ਇਹ ਨੀਊ ਔਰਲੀਅਨਜ਼, ਅਮਰੀਕਾ ਵਿੱਚ, ਭਾਵੇਂ ਸੁਨਾਮੀ, ਭਾਰਤ ਵਿੱਚ ਅਤੇ ਹੁਣ ਹੇਟੀ ਵਿੱਚ; ਭਾਈ ਘਨੱਈਆ ਜੀ ਦਾ ਖੂਨ ਇਨ੍ਹਾਂ ਦੀਆਂ ਰਗਾਂ ਵਿੱਚ ਠਾ-ਠਾ ਮਾਰਦਾ ਰਹਿੰਦਾ ਹੈ!


---ਸੁਰਿੰਦਰ ਕੌਰ ਪੁਆਰ
ਬ੍ਰਿੱਜਵਾਟਰ ਨੀਊ ਜਰਸੀ
surinderkpuar@yahoo.com

Postal Regd. No. G/CDH/0045/2009-10 RNI Regd. No. 46788/89 ISSN 0972-2335

ANCO ANAND NISHIKAWA CO. LTD.

EPDM/TPV/TPR/TEO WEATHER STRIPS

TS : 16949




ALP GROUP

WIDE RANGE OF PRODUCTS



PROFILES & SEALS FOR : Automobile & Building Industry, Shipping Containers, Railways, Bus Body Air-conditioning Etc.

PRODUCTS : PVC & Sponge Sticking Main Seals, Dense Profiles for different applications, Door & Body Mounted Main Seals & Sub Seals, Flocked Glass Run Channels, Electric Panel Seals, Sponge Seals & Profiles, Wind Shield Rubbers, Shipping Container Seals, Pvc Trims, Hood Seals, Trunk Seals etc. Nitrile Rubber Insulation (Hot & Cold) Tubes & Sheets for all Airconditioioing Purpose

OE SUPPLIERS TO :

OPEL RENAULT HM FIAT VOLVO INDIA

Corporate Office : 119, Udyog Vihar, Ph-I, Gurgaon, Haryana. Tel : 95-124-4002945, 46 www.anbros.com

Marketing Office : C-10, SECTOR -I, NOIDA-201301, Tel : 0120-4262886 / 87